ੴ ਸਤਿਗੁਰ ਪ੍ਰਸਾਦਿ

# ਜੀਵਨ ਕਣੀ

(ਗੁਰੂ ਨਾਨਕ ਚਮਤਕਾਰ ਵਿਚੋਂ ਕੁਝ ਚੋਣਵੇਂ ਅੰਸ਼)

ਜੀਵਣ ਕਣੀ ਅੰਦਰ ਆਵੇ,
ਜੀਉ ਪਈਐ

ਇਹ ਹੈ ਮੇਰਾ ਸੰਦੇਸ਼

**ਭਾਈ ਸਾਹਿਬ ਭਾਈ ਵੀਰ ਸਿੰਘ**

**ਭਾਈ ਵੀਰ ਸਿੰਘ ਸਾਹਿਤ ਸਦਨ**
**ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001**

 www.sikhbookclub.com

**Jeevan Kani**
Bhai Vir Singh

ISBN # 978-93-80854-57-1
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
ਪਹਿਲੀ ਵਾਰ, ਜਨਵਰੀ, 1993
ਦੂਜੀ ਵਾਰ, ਦਸੰਬਰ, 2003
ਤੀਜੀ ਵਾਰ, ਜਨਵਰੀ, 2009
ਚਉਥੀ ਵਾਰ, ਜੁਲਾਈ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Print Media
1331, Chowk Sangatrashan,
Paharganj, New Delhi - 110055
(m)9810765258

ਮੁੱਲ : 30/- ਰੁਪਏ


www.sikhbookclub.com

# ਦੋ ਅੱਖਰ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਦੇਣ ਦਾ ਅਸੀਂ ਕਦੀ ਵੀ ਪੂਰਾ ਧੰਨਵਾਦ ਨਹੀਂ ਕਰ ਸਕਦੇ। ਉਨ੍ਹਾਂ ਨੇ ਜੋ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਤਸਵੀਰ ਉਕਰੀ ਹੈ ਉਸ ਵਿਚ ਨਾ ਸਿਰਫ ਸਾਹਿਬਾਂ ਦੇ ਦਰਸ਼ਨ ਕਰਾਏ ਹਨ ਬਲਕਿ ਸਤਿਗੁਰਾਂ ਦੇ ਮਿੱਠੇ ਲਫ਼ਜ਼ਾਂ ਨਾਲ ਇਨਸਾਨ ਨੂੰ ਝੰਜੋੜਿਆ ਹੈ, ਉਸ ਨੂੰ ਨੀਂਦ ਤੋਂ ਜਗਾਇਆ ਹੈ, ਉਸ ਨੂੰ ਰਾਹੇ ਪਾਇਆ ਹੈ। ਭਾਈ ਸਾਹਿਬ ਦੀ ਲੇਖਣੀ ਦੀ 'ਸ੍ਰੀ ਗੁਰੂ ਨਾਨਕ ਚਮਤਕਾਰ' ਵਿਚੋਂ ਕੁਝ ਅੰਸ਼ ਲੈ ਕੇ ਇਥੇ ਇਕੱਠੇ ਕੀਤੇ ਹਨ।

ਅੱਜਕਲ੍ਹ ਸਮੇਂ ਦੇ ਰੁਝੇਵੇਂ ਕੁਝ ਜ਼ਿਆਦਾ ਹਨ। ਕੁਝ ਰੁਚੀ ਨਾ ਹੋਣ ਕਰਕੇ, ਕੁਝ ਵਕਤ ਨਾ ਹੋਣ ਕਰਕੇ ਵੱਡੀਆਂ ਪੁਸਤਕਾਂ ਜਿਸ ਤਰ੍ਹਾਂ 'ਸ੍ਰੀ ਗੁਰੂ ਨਾਨਕ ਚਮਤਕਾਰ' ਨਹੀਂ ਪੜ੍ਹੀਆਂ ਜਾਂਦੀਆਂ, ਇਸ ਛੋਟੀ ਜਿਹੀ (Collection) ਵਿਚ ਜੋ ਸਿੱਖੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਨੇ ਦ੍ਰਿੜਾਈ ਸੀ ਉਹ ਭਾਈ ਸਾਹਿਬ ਦੀ ਲੇਖਣੀ ਵਿਚ ਦਿੱਤੀ ਹੈ। ਮੈਨੂੰ ਯਕੀਨ ਹੈ ਕਿ ਭਾਈ ਸਾਹਿਬ ਦੀ ਲੇਖਣੀ ਬਹੁਤਿਆਂ ਨੂੰ ਬਲ, ਉਤਸ਼ਾਹ, ਉਮੰਗ ਤੇ ਸਾਹਸ ਦੇਵੇਗੀ।

ਜਨਵਰੀ 1993 –ਡਾ. ਤਰਲੋਚਨ ਸਿੰਘ

 www.sikhbookclub.com

# ਜੀਵਨ ਕਣੀ

1.

**ਉਸ** ਸੱਚੇ ਦੀ ਮੌਜ ਦਾ ਅੰਤ ਨਹੀਂ। ਸ਼ੁਕਰ ਕਰੋ, ਸ਼ੁਕਰ ਕਰੋ। ਸਭ ਕੁਝ ਭੁੱਲ ਜਾਏ ਪਰ ਸ਼ੁਕਰ ਨਾ ਭੁੱਲੇ। ਕੋਈ ਸੇਵਾ ਨਾ ਕਰੇ, ਕੋਈ ਕਰਨੀ ਨਾ ਸਰ ਆਵੇ, ਸ਼ੁਕਰ ਕਰੋ। ਸਚਾ ਵੇ ਪਰਵਾਹ ਸ਼ੁਕਰ ਪੁਰ ਬੜਾ ਰੀਝਦਾ ਹੈ। ਸ਼ੁਕਰ ਕਰੋ, ਸ਼ੁਕਰ ਕਰੋ, ਕਹੋ ਮੁਖੋਂ -ਵਾਹਿਗੁਰੂ ਵਾਹਿਗੁਰੂ ਵਾਹਿਗੁਰੂ।

2.

**ਇਸ** ਦਾ ਭਾਵ ਇਹ ਹੈ ਕਿ ਜੋਗੀ ਭੋਗੀ ਤਪੀ ਆਪਣੇ ਕੰਮਾਂ ਵਿਚ ਲੱਗੇ ਪਏ ਹਨ, ਉਨ੍ਹਾਂ ਦੇ ਅੰਤਰ ਆਤਮੇ ਸੁਰਤ ਕੋਈ ਨਹੀਂ ਜਾਗੀ। ਮੈਨੂੰ ਹੇ ਸਾਈਂ! ਤੇਰਾ ਸੱਦ ਸੁਣਾਈ ਦੇਂਦਾ ਹੈ, ਕੋਈ ਜੇ ਬੈਠ ਕੇ ਨਾਮ ਦਾ ਅਲਾਪ ਕਰੇ, ਸੋ ਸਾਈਂ ਦੀ ਸੱਦ ਸੁਣੇ। 1. ਕੰਮ ਭਲੇ ਕਰੇ। 2. ਅਗੇ ਗਿਆਂ ਉਨ੍ਹਾਂ ਨੂੰ ਕੋਈ ਪੁੱਛ ਨਹੀਂ ਹੋਣੀ ਜੋ ਨਾਮ ਦੀ ਨਿਸ਼ਾਨੀ ਵਾਲੇ ਹੋਣਗੇ। ਸੋ ਕਹਿੰਦੇ ਹਨ ਨਾਮ ਬਿਨਾਂ ਤਨ ਕਿਸੇ ਕੰਮ ਨਹੀਂ, ਨਿਸਫਲ ਸ਼ੈ ਹੈ। ਇਹ 'ਨਾਮ ਦਾ ਨਿਸ਼ਾਨ' ਰੂਹ ਵਿੱਚ ਅੰਕਿਤ ਕਰ ਲੈਣ ਲਈ ਮਿਲਿਆ ਹੈ। ਜੇ ਇਹ ਪ੍ਰਯੋਜਨ ਸਫਲ ਨਹੀਂ ਕੀਤਾ ਤਾਂ ਜਨਮ ਬ੍ਰਿਥਾ ਗਿਆ।

3.

**ਏਕਾਗ੍ਰਤਾ-** ਇਹ ਤਾਂ ਕਈ ਤਰ੍ਹਾਂ ਨਾਲ ਆ ਜਾਂਦੀ ਹੈ। ਕਿਸੇ ਸ਼ੈ ਤੇ ਅੱਖਾਂ ਜੋੜੋ, ਮਨ ਜੋੜੋ ਉਸ ਤੇ ਮਨ ਕੁਝ ਟਿਕਣ ਲਗ ਜਾਏਗਾ, ਪਰ ਇਉਂ ਟਿਕਿਆ

 www.sikhbookclub.com

ਮਨ 'ਭਾਉ' ਬਿਨਾਂ, ਕੀਹ ਸਾਰੇਗਾ? ਏਕਾਗ੍ਰਤਾ ਨਾਲ ਕੁਛ ਸ਼ਕਤੀ ਵਧ ਜਾਏ, ਪਰ ਜੀਵਨ ਦਾ ਪਰੋਜਨ ਤਾਂ ਹੈ 'ਜੀਵਨ ਦਾਤਾ ਨਾਲ ਮੇਲ'। ਜੀਵਨ ਦਾਤਾ ਹੈ ਚੇਤਨ, ਜਿਉਂਦੀ ਜਾਗਦੀ ਹੋਂਦ, ਸਰਬ ਗੁਣਾਂ ਦੀ ਖਾਣ, ਸਰਬ ਦੀ ਜਿੰਦ ਦੀ ਜਿੰਦ, ਅਸੀਂ ਬੀ ਹੋਏ ਰੂਹ, ਜਿੰਦ। ਜਿੰਦ ਨੇ ਜਿੰਦ ਨੂੰ ਮਿਲਣਾ ਹੈ। ਨਿਕੀ ਜਿਹੀ ਜਿੰਦੜੀ ਨੇ ਵਿਸ਼ਾਲ ਤੇ ਅਮਿੱਤ ਜਿੰਦ ਨੂੰ ਮਿਲਨਾ ਹੈ। ਦੁੱਖਾਂ ਨਾਲ ਵਿਹੜੀ ਜਿੰਦ ਨੇ ਸਦਾ ਸੁਖੀ ਜਿੰਦ ਨਾਲ ਵਸਲ ਪ੍ਰਾਪਤ ਕਰਨਾ ਹੈ। ਦੋ ਜਿੰਦਾਂ ਨੂੰ ਜੋੜਨਹਾਰ ਵਸਤੂ 'ਪਿਆਰ' ਹੈ। ਹਾਂ ਜਿੰਦੜੀ ਨੂੰ ਜਿੰਦ ਨਾਲ ਮੇਲਦਾ ਹੈ 'ਪਜਾਰ'।

## 4.

**ਮਨ** ਵਿਚੋਂ ਪਹਿਲਾਂ ਵਿਕਾਰਾਂ ਦਾ ਕਬਜ਼ਾ ਛੁੱਟਾ। ਵਿਕਾਰ ਸਾਨੂੰ ਸੰਸਾਰ ਨਾਲ ਬੰਨ੍ਹਦੇ ਹਨ। ਵਿਕਾਰ ਹਨ ਮਨ ਦੀ ਇੱਕ ਗਤੀ-ਮਨ ਦੇ ਪਦਾਰਥਾਂ ਵਲ ਖਿੱਚ ਖਾਕੇ ਉਨ੍ਹਾਂ ਨੂੰ ਪ੍ਰਾਪਤ ਕਰਨ ਦੀ ਤੇ ਪ੍ਰਾਪਤ ਕਰਕੇ ਭੋਗਣ ਦੀ। ਭੋਗਣ ਨਾਲ ਭੋਗ ਸਮੇਂ ਰਸ ਪ੍ਰਾਪਤ ਹੁੰਦਾ ਹੈ, ਪਰ ਸਰੀਰ ਦਾ ਬਲ ਖਰਚ ਹੋਕੇ ਮਗਰੋਂ ਨਿਤਾਣਪੁਣਾ ਆਉਂਦਾ ਹੈ ਤੇ ਬਹੁਤੇ ਭੋਗਾਂ ਮਗਰੋਂ ਰੋਗ ਉਪਜਦੇ ਹਨ। ਭੋਗਾਂ ਦਾ ਰਸ ਹੈ ਹੀ ਆਪੇ ਦੇ ਖਰਚ ਹੋਣ ਦੀ ਕ੍ਰਿਯਾ ਦਾ ਫਲ। ਜਿਵੇਂ ਆਤਸ਼ਬਾਜ਼ੀ ਦਾ ਚਮਤਕਾਰ ਅਪਣੀ ਲੁਭਾਇਮਾਨਤਾ ਵਿਖਾਉਣ ਤੇ ਚਮਤਕਾਰ ਸਾਰਨ ਵਿਚ ਆਪਣੇ ਆਪ ਨੂੰ ਖਰਚ ਕਰਦਾ ਹੈ। ਕੁਛ ਉਸ ਤਰ੍ਹਾਂ ਦਾ ਭੋਗ ਰਸ ਵਿਚ ਆਪਾ ਖਰਚ ਹੁੰਦਾ ਹੈ ਤੇ ਮਨ ਜੋ ਆਪਣੇ ਵਿਚ ਬਾਹਰਲੇ ਅਕਸ ਲੈਂਦਾ ਹੈ, ਭੋਗ ਵੇਲੇ ਡੂੰਘੇ ਅਕਸ ਲੈਂਦਾ ਹੈ। ਉਹ ਅਕਸ ਉਸਦੇ ਅੰਦਰ ਬਹਿ ਕੇ ਛਾਈਆਂ ਪਾਕੇ ਉਸਤੇ ਮਾਨੋ ਮੈਲ ਲਾਉਂਦੇ ਹਨ। ਇਸ ਤਰ੍ਹਾਂ ਮਨ ਮੈਲਾ ਜਿਹਾ ਹੋ ਜਾਂਦਾ ਹੈ ਤੇ ਉਸ ਵਿਚ ਭੋਗਾਂ ਦੇ ਅਕਸਾਂ ਦੀਆਂ ਝਰੀਟਾਂ ਦੀ ਧੁੰਦ ਛਾਈ ਰਹਿੰਦੀ ਹੈ। ਉਸ ਧੁੰਦ ਵਿਚ ਨਿੱਤ ਦੇ 'ਭੋਗ-ਅਭਯਾਸ' ਕਰਕੇ ਭੋਗਾਂ ਦੀ ਰੁਚੀ ਇੰਨੀ ਵਧ ਜਾਂਦੀ ਹੈ ਕਿ ਫਿਰ ਬਿਰਤੀ ਬਾਹਰ ਮੁਖ ਹੀ ਹੋਈ ਰਹਿੰਦੀ ਹੈ। ਇਹ ਅਵਸਥਾ ਹੈ ਜਿਸਨੂੰ ਕਹੀਦਾ ਹੈ ਕਿ ਮਨ ਵਿਕਾਰਾਂ ਦੇ ਕਬਜ਼ੇ ਵਿਚ ਹੈ। ਮਨ ਤੋਂ ਇਹ ਕਬਜ਼ਾ ਤਾਂ ਉਠਦਾ ਹੈ ਜੇ ਕੋਈ ਉਪਰਾਲਾ ਕੀਤਾ ਜਾਏ।

5.

**ਗੁਰਬਾਣੀ** ਮਨ ਨੂੰ ਵਿਚਾਰ ਦੇਂਦੀ ਹੈ, ਮਨ ਵਿਚਾਰ ਦੇ ਕੰਡੇ ਤੇ ਤੋਲ ਤੋਲ ਕੇ ਲਾਹੇ ਤੇ ਤੋਟੇ ਦੇ ਪਦਾਰਥਾਂ ਦੀ ਸਿਆਣ ਵਿਚ ਆਉਂਦਾ ਹੈ। ਦੂਸਰੇ, ਬਾਣੀ ਦਾ ਅਸਰ ਮਨ ਨੂੰ ਇਕ ਪਾਸੇ ਲਾਉਣ ਦਾ ਹੁੰਦਾ ਹੈ, ਬੇਥਵੇ ਖਿੰਡਾਉ ਤੋਂ ਮਨ ਇਕ ਪਾਸੇ ਵੱਲ ਰੁਖ਼ ਪਕੜਦਾ ਹੈ। ਤੀਸਰੇ ਇਹ ਬਾਣੀ ਸਤਿਗੁਰੂ ਦੇ ਹਿਰਦੇ ਤੋਂ ਆਈ ਹੈ ਤੇ ਉੱਥੇ ਧੁਰੋਂ ਆਈ ਸੀ। ਸੋ ਬੇਮਲੂਮ ਪਾਠਕ ਦੇ ਮਨ ਦਾ ਰੁਖ਼ ਉਧਰ ਨੂੰ ਜਾਂਦਾ ਹੈ। ਗੁਰੂ ਵਾਕ ਹੈ: **"ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥"** (੯੩੫)

6.

**ਫਿਰ** ਬਾਣੀ ਨਾਮ ਦੀ ਕੀਮਤ ਦਸਦੀ ਹੈ। ਨਾਮ ਵਲ ਪ੍ਰੇਰਦੀ ਹੈ, ਨਾਮ ਵਿਚ ਲਾਉਂਦੀ ਹੈ। 'ਨਾਮ' ਨਾਲ ਹੁੰਦਾ ਹੈ 'ਨਾਮੀ' ਵਲ ਰੁਖ਼। ਹਾਂ, 'ਨਾਮ' ਨਾਲ ਪਿਆਰ ਪੈਂਦਾ ਹੈ ਉਸ ਨਾਲ ਕਿ 'ਜਿਸਦਾ ਨਾਮ' ਜਪਦੇ ਹਾਂ। ਨਾਮ ਪਿਆਰੇ ਦਾ ਨਾਮ ਹੈ, ਨਾਮ-ਜਪ ਨਾਲ ਪਿਆਰਾ ਯਾਦ ਵਿਚ ਆ ਵੱਸਦਾ ਹੈ। ਯਾਦ ਵਿਚ ਵਸਾਉਣੇ ਨੂੰ ਸਿਮਰਨ ਕਹੀਦਾ ਹੈ। 'ਸਿਮਰਨ' ਅਰਥਾਤ 'ਯਾਦ' ਪਿਆਰੇ ਦਾ ਪ੍ਰੇਮ ਹੈ। ਪ੍ਰੇਮ ਮੇਲਣ ਹਾਰ ਹੈ-ਜੀਵ ਨੂੰ ਈਸ਼ੂਰ ਨਾਲ, ਪ੍ਰੇਮੀ ਨੂੰ ਪਿਆਰੇ ਨਾਲ-ਆਨੰਦ ਸਰੂਪ ਵਾਹਿਗੁਰੂ ਨਾਲ।

7.

**ਜਿਵੇਂ** ਪਾਣੀ ਸਾਰੀ ਧਰਤੀ ਵਿਚ ਹੈ, ਪਰ ਸਾਰੇ ਧਰਤੀ ਤੇ ਬੈਠੇ ਪਿਆਸ ਨਾਲ ਮਰਦੇ ਹਨ, ਪਿਆਸ ਦਾ ਦੁਖ ਖੂਹ ਤੋਂ ਨਵਿਰਤ ਹੁੰਦਾ ਹੈ। ਇਹ ਇਕ ਸਮਝਣ ਲਈ ਮੈਂ ਮੋਟੀ ਗਲ ਆਖੀ ਹੈ। ਤਿਵੇਂ ਅੰਦਰ ਹੁੰਦੇ ਸੁੰਦੇ ਸਾਈਂ ਦੇ ਜੀਵ ਦੁਖੀ ਹਨ, ਕਾਰਨ ਇਹ ਹੈ ਕਿ ਉਹ ਤਾਂ ਸਾਡੇ ਪਾਸ ਹੈ ਤੇ ਅਸੀਂ ਇਹ ਗੱਲ ਭੁਲਾ ਛੱਡੀ ਹੈ। ਰਬ ਅੰਦਰ ਸਭ ਦੇ ਹੈ ਪਰ ਉਹ ਸਾਡੇ ਚੇਤੇ ਵਿਚ ਨਹੀਂ ਵੱਸ ਰਿਹਾ। ਚੇਤੇ ਵਿਚ ਵੱਸ ਜਾਵੇ ਤਾਂ ਖੂਹ ਖੁੱਟਣ ਵਾਂਙੂ ਗਲ ਹੋ ਜਾਵੇਗੀ ਅਰਥਾਤ ਉਸਦੀ ਸਾਨੂੰ ਪ੍ਰਾਪਤੀ ਦੀ ਸੂਰਤ ਬੱਝ ਜਾਏਗੀ ਫੇਰ ਠੰਢ ਪਵੇਗੀ। ਦੇਖੋ ਸਾਡਾ ਮਨ ਸਦਾ ਬਾਹਰਮੁਖੀ ਰਹਿੰਦਾ ਹੈ, ਸਾਡੇ ਇੰਦ੍ਰੇ ਬਾਹਰ ਨੂੰ ਧਾਉਂਦੇ ਹਨ। ਸੋ ਇੰਦ੍ਰਿਆਂ ਦੇ ਭੋਗਾਂ ਵਲ

ਰੁੱਖ ਨੇ ਅਤੇ ਮਨ ਦੇ ਇਨ੍ਹਾਂ ਇੰਦ੍ਰਿਆਂ ਨੂੰ ਪ੍ਰੇਰਕ ਤੇ ਸਹਾਈ ਹੋਣ ਦੇ ਰੁਖ਼ ਨੇ ਮਨ ਨੂੰ ਬਾਹਰ ਵਲ ਦਾ ਰੌ ਦਿਤਾ ਹੈ ਤੇ ਇਉਂ ਸਾਂਈਂ ਵਲੋਂ ਭੁੱਲ ਪਈ ਰਹਿੰਦੀ ਹੈ। ਇਹ 'ਭੁੱਲ' ਹੈ ਵਿੱਥ ਜੋ ਸਾਡੇ ਤੇ ਸਰਬ ਥਾਂ ਰਵ ਰਹੇ ਨਿਰੰਕਾਰ ਵਿਚ ਪੈ ਰਹੀ ਹੈ। ਭੁੱਲ ਦਾ ਉਲਟ ਹੈ- ਯਾਦ। ਯਾਦ ਅੰਦਰ ਵਸਾਈਏ ਤਾਂ ਮਨ ਦਾ ਰੁਖ਼ ਜੋ ਸਦਾ ਬਾਹਰ ਨੂੰ ਹੈ, ਉਸ ਵਿਚ ਅੰਤਰਮੁਖ ਹੋਣ ਦਾ ਗੁਣ ਆਵੇਗਾ। ਮਨ ਜੋ ਸਰੀਰ ਦੀ ਰਖਯਾ ਲਈ, ਸਰੀਰ ਦੀ ਪਾਲਣਾ ਲਈ ਤੇ ਸਰੀਰ ਦੇ ਭੋਗਾਂ ਲਈ ਬਾਹਰ ਨੂੰ ਰੁਖ਼ ਬੰਨ੍ਹੀ ਰਖਦਾ ਹੈ, ਸਾਈਂ ਨੂੰ ਸਿਮਰਨ ਵੇਲੇ ਅਪਣੇ ਅੰਦਰ ਬੀ ਕਿਸੇ ਆਹਰੇ ਲੱਗਣ ਲੱਗ ਜਾਏਗਾ। ਉਹ ਆਹਰ ਕੀ ਹੋਊ? ਨਿਰੰਕਾਰ ਨੂੰ ਯਾਦ ਕਰਨ ਦਾ। ਸੋ ਇਹ ਆਹਰ ਸੋਚੋ ਕੀ ਸੁਭਾਉ ਲਵੇਗਾ?

8.

**ਸਵੇਰੇ** ਅੰਮ੍ਰਿਤ ਵੇਲੇ ਉਠਕੇ ਸਿਮਰਨ ਕਰੋ। ਇਕ ਪਹਿਰ ਕਰੋ, ਇਕ ਘੜੀ ਕਰੋ, ਅੱਧੀ ਘੜੀ ਕਰੋ, ਅੱਧੀ ਤੋਂ ਅੱਧੀ ਕਰੋ, ਜਿੰਨੀ ਸਰੇ ਕਰੋ। ਦੱਸੋ ਇੰਨਾਂ ਸਮਾਂ ਹਰ ਕੋਈ ਕੱਢ ਸਕਦਾ ਹੈ ਕਿ ਨਹੀਂ? ਫਿਰ ਫੁਰਮਾਉਂਦੇ ਹਨ ਕਿ ਉਠਦੇ ਬਹਿੰਦੇ, ਟੁਰਦੇ ਫਿਰਦੇ ਉਸਦੇ ਨਾਮ ਨੂੰ ਰਸਨਾ ਤੇ ਵਸਾਓ, ਰਸਨਾਂ ਤੋਂ ਨਾਮ ਸਹਿਜੇ ਸਹਿਜੇ ਅਪਣੇ ਆਪ ਮਨ ਵਿਚ ਉਤਰ ਜਾਏਗਾ। ਇਕ ਦ੍ਰਿਸ਼ਟਾਂਤ ਹੈ, ਹੈ ਤਾਂ ਹਾਸੇ ਵਾਂਙੂੰ ਪਰ ਸਮਝਣ ਲਈ ਚੰਗਾ ਦ੍ਰਿਸ਼ਟਾਂਤ ਹੈ ਕਿ ਜਿਵੇਂ ਜੀਭ ਤੇ ਰੱਖੀ ਰੋਟੀ ਦੀ ਗ੍ਰਾਹੀ ਚਿਥਦਿਆਂ ਚਿਥਦਿਆਂ ਆਪੇ ਹੇਠਾਂ ਉਤਰ ਜਾਂਦੀ ਹੈ, ਕਿਸੇ ਲਕੜੀ ਕਿ ਉਂਗਲੀ ਨਾਲ ਹੇਠਾਂ ਨਹੀਂ ਧੱਕੀਦੀ, ਤਿਵੇਂ ਨਾਮ ਰਸਨਾ ਤੋਂ ਆਪੇ ਮਨ ਵਿਚ ਵਸ ਜਾਂਦਾ ਹੈ। ਜਿਵੇਂ ਅੰਦਰ ਲੰਘ ਗਏ ਅੰਨ ਤੋਂ ਸਾਡੇ ਕੁੱਵਤ ਗ਼ੈਰ ਇਰਾਦੀ ਵਾਲੇ (=ਅੰਦਰਲੇ ਬੇਖ਼ਬਰੀ ਚੇਤਨਾ ਵਾਲੇ) ਮਨ ਨੇ ਉਸਤੋਂ ਹੀ ਅੰਗ ਪ੍ਰਤਿ ਅੰਗ ਸਰੀਰ ਦੇ ਸਾਰੇ ਸਾਮਾਨ ਬਣਾ ਕੱਢਣੇ ਹਨ, ਤਿਵੇਂ ਰਸਨਾ ਤੇ ਸਦਾ ਵਸਾਇਆ ਨਾਮ ਮਨ ਵਿਚ ਲਹਿ ਜਾਏਗਾ। ਮਨ ਵਿਚ ਜਾਕੇ ਮਨ ਦਾ ਸਿਮਰਨ (ਯਾਦ) ਬਣ ਜਾਏਗਾ। ਯਾਦ 'ਪਿਆਰ ਭਾਵ' ਬਣ ਜਾਏਗਾ, ਇਹ 'ਭਾਵ' ਮੇਲ ਵਿਚ ਰੱਖੇਗਾ।

9.

**ਹਰ** ਕਮਾਮ ਵਾਲੇ ਨੂੰ ਕੰਮ ਕਰਦਿਆਂ, ਸੋਚਦਿਆਂ, ਸਾਰਾ ਦਿਨ ਵਿਚੋਂ ਵਿਚੋਂ ਵਿਹਲ ਮਿਲਦੀ ਰਹਿੰਦੀ ਹੈ। ਜਿਵੇਂ ਵਪਾਰੀ ਦੇ ਇਕ ਗਾਹਕ ਦੇ ਜਾਣ ਤੇ ਦੂਸਰੇ ਦੇ ਆਉਣ ਵਿਚ ਸਮਾਂ ਮਿਲਦਾ ਹੈ। ਓਹ ਕੰਮਾਂ ਵਾਲੇ ਸਮੇਂ ਵਿਚੋਂ ਵਿਹਲ ਦੀਆਂ ਮਿਲਦੀਆਂ ਵਿੱਥਾਂ ਨੂੰ ਸੰਭਾਲੇ ਤਾਂ ਦੇਖੋ ਕਿੰਨਾਂ ਸਮਾਂ ਮਿਲਦਾ ਹੈ। ਇਸ ਤਰ੍ਹਾਂ ਵਿਹਲ ਵਾਲੇ ਸਮਿਆਂ ਵਿਚ ਸਮ੍ਹਾਲਾ ਕਰਦਿਆਂ ਯਾਦ ਮਨ ਵਿਚ ਲਹਿਕੇ ਕਿਸੇ ਸੁਰਤ ਦੇ ਡੂੰਘੇ ਪਰਤਾਂ ਵਿਚ ਬੈਠ ਜਾਂਦੀ ਹੈ। ਜਿੱਥੇ ਸਾਡੇ ਮਨ ਦੇ ਹੇਠਲੇ ਪਰਤ ਵਿਚ 'ਸੰਸਕਾਰ' ਵਸਦੇ ਹਨ ਉਥੇ ਨਾਮ ਜਾ ਵਸਦਾ ਹੈ ਤੇ ਉਥੇ ਗਿਆ ਫੇਰ ਆਪੇ ਜਾਰੀ ਰਹਿੰਦਾ ਹੈ। ਫੇਰ ਤਾਂ ਪ੍ਰਾਣਾਂ ਦਾ ਤੇ ਸਰੀਰ ਦਾ ਰੁਖ਼ ਬੀ ਨਾਮ ਵਾਲਾ ਹੋ ਜਾਂਦਾ ਹੈ।

10.

**ਸੋ** ਸਜਣ ਜੀ! ਨਾਮ ਜਪਦਿਆਂ ਜਦ ਮਿਸਰਨ ਬਣ ਜਾਂਦਾ ਹੈ ਤਾਂ ਸਿਮਰਨ ਹੋਕੇ ਮਨ ਦੇ ਇਨ੍ਹਾਂ ਡੂੰਘੇ ਪਰਤਾਂ ਵਿਚ ਚਲਾ ਜਾਂਦਾ ਹੈ, ਫੇਰ ਪ੍ਰਾਣਾਂ ਵਿਚ ਵਸ ਜਾਂਦਾ ਹੈ। ਫਿਰ ਐਉਂ ਭਾਸਦਾ ਹੈ ਕਿ ਸਾਡਾ ਮਨ, ਪ੍ਰਾਣ ਤੇ ਸਰੀਰ ਕਿਸੇ ਰੰਗ ਵਿਚ ਹੈਨ। ਹਾਂ ਜੀਓ ਫੇਰ ਕੋਈ 'ਹੈ' ਦਾ ਭਾਵ ਸਾਰੇ ਅੰਦਰ ਵਯਾਪ ਜਾਂਦਾ ਹੈ ਤੇ ਅੰਦਰ ਬੈਠਾ ਮਿਸਰਨ ਆਪੇ ਮਨ ਬੁਧ ਨੂੰ ਸੂਛ ਤੇ 'ਹੈ' ਦੇ ਭਾਵ ਵਿਚ ਰੰਗ ਲੈਂਦਾ ਹੈ। 'ਹੈ' ਜਿਸਨੂੰ ਦਾਨੇ 'ਸਤਿ' ਆਖਦੇ ਹਨ, ਸਤਿ ਦੀ ਲੱਖਤਾ ਹੋ ਆਉਂਦੀ ਹੈ ਐਉਂ।

11.

**ਸੱਚ** ਵੱਲੋਂ ਮੱਸਯਾ ਦੀ ਰਾਤ ਹੈ। ਚੰਦ ਗ਼ੁੰਮ ਹੈ। ਕੂੜ ਦਾ ਹਨੇਰਾ ਪਰਧਾਨ ਹੈ। ਇਸ ਕਰਕੇ ਜਗਯਾਸੂ ਠੁੱਡੇ ਖਾਂਦੇ ਹਨ। ਸੱਚ ਧਾਰ, ਸੱਚ ਵਿਹਾਜ, ਚੰਦ ਚੜ੍ਹੇ ਫੇਰ ਕਾਹਦੇ ਠਹੋਲੇ।

12.

**ਨਾਮ** ਦੀਆਂ ਗਲਾਂ ਬਾਤਾਂ ਨੂੰ ਸੁਣ ਚੁਕਾ ਹੈਂ। ਨਾਮ ਬਿਨਾਂ ਗਤਿ ਨਹੀਂ ਹੈ। ਇਹੋ ਹੀ ਸੂਖਮ ਤੇ ਨਿਰਵਿਘਨ ਤੋਂ ਨਿਰਵਿਘਨ ਰਸਤਾ ਹੈ। ਨਾਮ


www.sikhbookclub.com

ਜਪੋ, ਜਪਦਿਆਂ ਸਿਮਰਣ ਹੋ ਜਾਏਗਾ। ਸਿਮਰਣ ਮਨ, ਪ੍ਰਾਣ ਤੇ ਸਰੀਰ ਵਿਚ ਵਸ ਜਾਏਗਾ। ਇਸ ਵਿਚ ਟਿਕਿਆਂ ਤੇ ਇਸ ਪ੍ਰਵਾਹ ਵਿਚ ਟੁਰਦਿਆਂ ਮੋਹ ਮਾਇਆ ਕਟੀਜੇਗੀ ਤੇ ਸਾਈਂ ਦਾ ਪਿਆਰ ਜਾਗੇਗਾ। ਸੁਰਤ ਸਾਈਂ ਰੁਖ਼ੀ ਹੋ ਜਾਏਗੀ। ਬਾਹਰ ਵੱਲੋਂ ਮਨ ਦਾ ਧਾਵਣਾ ਮਿਰਜਾਦਾ ਵਿਚ ਹੁੰਦਾ ਜਾਏਗਾ। ਇੰਦ੍ਰੇ ਮਨ ਦੇ ਵੱਸ ਵਿਚ ਰਹਿਣਗੇ। ਖਿੱਚੋਤਾਣ ਛੱਡਣਗੇ। 'ਮਨ' ਅੰਦਰ ਜਾਗ ਪਈ ਉੱਚੀ ਬੁੱਧੀ ਦੇ ਹੇਠ ਟੁਰਨ ਲਗ ਪਏਗਾ। ਬੁੱਧੀ ਨਿਰਮਲ ਹੋ ਕੇ ਨਿਰੰਕਾਰ ਦੀ ਅਗੁਵਾਨੀ ਵਿਚ ਆਵੇਗੀ। ਆਪੇ ਤੇ ਕਾਬੂ ਵਧੇਗਾ।

13.

**ਬਾਣੀ** ਦੇ ਅਭਯਾਸ ਨਾਲ ਨਾਮ ਦੀ ਕੀਮਤ ਦੀ ਸੋਝੀ ਤੇ ਨਾਮ ਵਿਚ ਰੁਚੀ ਵਧਦੀ ਹੈ। ਕਿਸੇ ਵੇਲੇ ਨਾਮ ਤੋਂ ਉਖੜਿਆਂ ਤੇ ਤੋਟ ਪੈਣ ਵੇਲੇ, ਬਾਣੀ ਰਖਯਾ ਕਰਦੀ ਹੈ।

14.

**ਜੀਵ** ਦੇ ਅੰਦਰ "ਹਉ" 'ਮੈਂ ਹਾਂ' ਦਾ ਰੂਪ ਧਾਰਕੇ ਅਭਿਮਾਨ ਵਿਚ ਆਉਂਦੀ ਹੈ, ਸਾਂਈ ਵਿਚ ਤੇ ਜੀਵ ਵਿਚ ਪਰਦਾ ਤਾਣਦੀ ਹੈ ਭੁੱਲ ਦਾ। 'ਹਉਂ' ਮਨ ਨੂੰ ਬਾਹਰ ਨੂੰ ਰੁਖ਼ ਦੇਂਦੀ ਹੈ ਤੇ 'ਮੈਂ' 'ਮੇਰੀ' ਵਿਚ ਆਪਣੇ ਆਪ ਨੂੰ ਪਸਾਰਦੀ ਹੈ। ਦੇਖੋ, ਜਦੋਂ ਜੀਵ ਆਕੜਦਾ ਤੇ ਹੰਕਾਰਦਾ ਹੈ ਤਾਂ ਹਉਂ ਆਪਣੇ ਆਪ ਨੂੰ 'ਮੈਂ' ਵਿਚ, ਹੰਕਾਰ ਵਿਚ ਦਿਖਾਲ ਰਹੀ ਹੈ। ਜਦੋਂ ਲੈਂਦਾ ਹੈ, ਧਾਉਂਦਾ ਹੈ, ਲੈਕੇ ਖੁਸ਼ ਹੁੰਦਾ ਹੈ, ਮਾਣਦਾ ਹੈ, ਭੋਗਦਾ ਹੈ ਅਰਥਾਤ ਜਦੋਂ ਇਸਨੂੰ ਇਸਦੀ 'ਮੇਰੀ' ਦੀ ਪੂਰਨਤਾ ਦਾ ਸਾਮਾਨ ਲੋੜੀਂਦਾ ਹੈ ਯਾ ਲੱਝਦਾ ਹੈ, ਤਾਂ ਉਹੋ 'ਹਉਂ' ਕਾਮਨਾ ਬਣ ਜਾਂਦੀ ਹੈ। ਕਦੇ ਭੋਗ ਦਾ ਰੂਪ ਧਾਰਦੀ ਹੈ, ਕਦੇ ਲੋਭ ਦਾ, ਕਦੇ ਮੋਹ ਦਾ। ਫੇਰ ਜਦੋਂ ਹੰਕਾਰ ਨੂੰ ਠੁਹਕਰ ਵੱਜੇ ਤਾਂ ਇਹ ਕ੍ਰੋਧ ਬਣਕੇ ਪ੍ਰਗਟਦੀ ਹੈ। ਜੇ ਇਹ ਕ੍ਰੋਧ ਕੁਛ ਸਾਰ ਨਾ ਸਕੇ ਤਾਂ ਇਹੋ ਕ੍ਰੋਧ ਜਲਨ ਸਾੜਾ ਤੇ ਈਰਖਾ ਬਣ ਜਾਂਦਾ ਹੈ। ਸੋ ਇਹ 'ਹਉਂ' ਹੀ ਸਭੇ ਕੁਛ ਬਣਦੀ ਹੈ, ਇਸ ਕਰਕੇ 'ਹਉਮੈਂ' ਹੀ ਬੰਧਨ ਰੂਪ ਹੈ; ਜੰਮਣ ਮਰਣ ਸਾਰੇ ਖੇਲ ਮਾਇਆ ਦੇ ਇਸੇ ਵਿਚ ਹੋ ਰਹੇ ਹਨ। ਇਸੇ 'ਹਉਂ' ਦੀ ਸੋਝੀ 'ਦਰ ਦੀ ਸੋਝੀ' ਅਗੇ ਤਣਿਆ ਹੋਇਆ ਪੜ੍ਹਦਾ ਉਤਾਰ


www.sikhbookclub.com

ਦੇਂਦੀ ਹੈ। ਇਹ ਹੀ ਮਾਨੋ ਰੋਗ ਰੂਪ ਹੈ। ਦੂਰ ਹੋਵੇਗੀ ਇਹ ਨਾਮ ਦੀ ਕਮਾਈ ਨਾਲ।

15.

**ਤੀਸਰੀ** ਰੀਲ ਹੈ- ਭਾਣਾ ਮੰਨਣਾ। ਜਗਤ ਵਿਚ ਵੱਸਦਿਆਂ ਦੁਖ ਸੁਖ ਵਾਪਰਦੇ ਹਨ, ਹਰਖ ਸ਼ੋਕ ਆਉਂਦੇ ਹਨ, ਇਨ੍ਹਾਂ ਦੀ ਠੁਹਕਰ ਅੰਦਰ ਡੂੰਘੀ ਜਾਂਦੀ ਹੈ। ਅਸਲ ਵਿਚ ਤਾਂ ਇਹ ਠੁਹਕਰ ਹਉਮੈ ਨੂੰ ਲਗਦੀ ਹੈ ਜਿਸ ਵਿਚ 'ਮੈਂ' 'ਮੇਰੀ' ਦਾ ਨਿਵਾਸ ਹੈ। 'ਮੈਂ' ਨੂੰ ਜਦੋਂ 'ਮੇਰੀ' ਦੀ ਪ੍ਰਾਪਤੀ ਵਿਚ ਰੋਕ ਪਵੇ ਯਾ ਪ੍ਰਾਪਤ ਖੁੱਸੇ ਤਦੋਂ ਇਹ ਦੁਖੀ ਹੁੰਦੀ ਹੈ। ਸੋ ਜਦੋਂ ਹੋਣੀਆਂ ਵਾਪਰਕੇ 'ਮੇਰੀ' ਦੇ ਪਦਾਰਥ ਵਿਣਸਦੇ ਯਾ ਵਿਛੜਦੇ ਹਨ ਉਸ ਵੇਲੇ ਜੋ ਇਸ ਨੂੰ 'ਭਾਣਾ' ਕਰਕੇ ਮੰਨਦਾ ਹੈ ਉਹ ਠੁਹਕਰ ਨਹੀਂ ਖਾਂਦਾ ਤੇ ਹਉਮੈਂ ਤੋਂ ਨਿਖੇੜਾ ਪਾਉਂਦਾ ਹੈ। ਜਿਨ੍ਹਾਂ 'ਪਦਾਰਥਾਂ' ਤੇ 'ਮੋਹ' ਵਾਲੇ ਅਪਣਿਆਂ ਨੇ ਰਹਿਣਾ ਨਹੀਂ, ਜੋ ਕਦੇ ਸਾਡੇ ਪਾਸ ਨਹੀਂ ਸਨ, ਜੋ ਮਿਲੇ ਸਨ ਤੇ ਵਿਛੁੜਨਗੇ, ਓਹ ਕਦੇ ਬੀ ਸਾਡੇ ਨਹੀਂ ਸਨ। ਉਨ੍ਹਾਂ ਵਿਚ ਕਾਹਦੀ ਤ੍ਰਿਸ਼ਨਾਂ ਤੇ ਕਾਹਦਾ ਜਕੜਵਾਂ ਮੋਹ? ਆਏ ਹੁਕਮ ਵਿਚ, ਗਏ ਹੁਕਮ ਵਿਚ। ਅਸੀਂ ਨਿਰੰਕਾਰ ਦੇ ਤੇ ਨਿਰੰਕਾਰ ਸਾਡਾ, ਅੰਦਰ ਜਿਸ ਨਾਲ ਲਿਵ ਦੁਆਰਾ ਮਿਲ ਰਹੇ ਹਾਂ। ਇਸ ਬਾਹਰ ਦੇ 'ਆਉਣ' 'ਪ੍ਰਾਪਤ ਹੋਣ' ਫਿਰ 'ਵਿਛੜਨ ਤੇ ਵਿਣਸਨ' ਦਾ ਸਾਨੂੰ ਲੇਪ ਕਿਉਂ? ਜੋ ਹੋ ਰਿਹਾ ਹੈ ਹੁਕਮ ਵਿਚ ਹੋ ਰਿਹਾ ਹੈ।

16.

**ਸਾਡਾ** ਪਿਆਰ ਦਾਤੇ ਨਾਲ ਹੈ, ਦਾਤਾਂ ਨਾਲ ਨਹੀਂ, ਦਾਤਾਂ ਦੇਣ ਲੈਣ ਵਾਲਾ ਆਪ ਹੈ। ਅਸੀਂ ਸਦਾ ਉਸ ਨਿਰੰਕਾਰ ਨਾਲ ਲੱਗੇ ਰਹੀਏ। ਐਉਂ ਦੀ ਵੀਚਾਰ-ਦੁਖ ਸੁਖ ਵਾਪਰਨ ਵੇਲੇ ਜਦੋਂ ਹਉਮੈ ਜ਼ੋਰ ਪਕੜਦੀ ਹੈ ਚਾਹੇ ਹੰਕਾਰ ਦਾ, ਚਾਹੇ ਕ੍ਰੋਧ ਦਾ, ਚਾਹੇ ਟੋਆ ਖਾਂਦੀ ਹੈ ਗ਼ਮ ਚਿੰਤਾ ਦਾ, ਤਦੋਂ - ਸਿਮਰਨ ਦੇ ਪ੍ਰਵਾਹ ਤੇ ਲਿਵ ਦੀ ਧਾਰਾ ਨੂੰ ਟੁੱਟਣ ਨਹੀਂ ਦੇਂਦੀ।

17.

**ਨਿਤਨੇਮ** ਕਰੋ, ਬਾਣੀ ਪੜ੍ਹੋ, ਪਰ ਰੱਬ ਦੀ ਹਜ਼ੂਰੀ ਵਿਚ, ਗੈਰ-ਹਜ਼ੂਰੀ ਦੀ ਬਾਣੀ ਪੜ੍ਹਕੇ ਜੇ ਸੁਆਦ ਨਾ ਆਵੇ ਤਾਂ ਕਸੂਰ ਤੁਹਾਡਾ ਆਪਣਾ ਹੈ। ਜਦ

ਬਾਣੀ ਪੜ੍ਹੋ ਆਪਣੇ ਆਪ ਨੂੰ ਵਾਹਿਗੁਰੂ ਦੀ ਹਜ਼ੂਰੀ ਵਿਚ ਸਮਝੋ ਤੇ ਇਹ ਸਮਝੋ ਕਿ ਤੁਹਾਡੀ ਬਾਣੀ ਉਹ ਸੁਣ ਰਿਹਾ ਹੈ। ਹਾਂ ਇਹ ਸਮਝ ਕੇ ਦਿਲ ਬਾਣੀ ਵਿਚ ਲਾਈਏ ਕਿ ਜੇ ਹੁਣ ਸਾਡਾ ਦਿਲ ਉਡੇਗਾ ਤੇ ਜੀਭ ਬਾਣੀ ਪੜ੍ਹੇਗੀ, ਤਦ ਜਿਸਦੀ ਹਜ਼ੂਰੀ ਵਿਚ ਬਾਣੀ ਪੜ੍ਹਦੇ ਹਾਂ ਓਹ ਕਿੰਵ ਖੁਸ਼ੀ ਹੋਸੀ? ਉਸ ਨਾਲ ਮਨ ਕਿਵੇਂ ਜੁੜਸੀ? ਮਨ ਜੁੜਸੀ ਉਨ੍ਹਾਂ ਸ਼ੈਆਂ ਨਾਲ ਕਿ ਜਿਨ੍ਹਾਂ ਦਾ ਮਨ ਚਿੰਤਨ ਕਰ ਰਿਹਾ ਹੈ ਤੇ ਉਨ੍ਹਾਂ ਦਾ ਹੀ ਅਸਰ ਪੈਸੀ। ਜੇ ਬਾਣੀ, ਭਜਨ ਵੇਲੇ ਵਾਹਿਗੁਰੂ ਨਾਲ ਜੁੜੇਗਾ ਤਾਂ ਵਾਹਿਗੁਰੂ ਦੇ ਸਰੂਪ ਦਾ ਅਸਰ ਸ਼ਾਂਤੀ, ਠੰਢ, ਸੁਖ, ਆਤਮ ਖੇੜਾ, ਆਤਮਰਸ ਲੈ ਕੇ ਆਵੇਗਾ, ਤੇ ਜੇ ਹੋਰਨਾਂ ਸ਼ੈਆਂ ਨਾਲ ਜੁੜੇਗਾ ਤਾਂ ਉਹਨਾਂ ਦਾ ਅਸਰ ਲੈ ਲਏਗਾ।

## 18.

**ਇਨ੍ਹਾਂ** ਗੱਲਾਂ ਦਾ ਪੱਕ ਕਰ:

1. ਵਾਹਿਗੁਰੂ ਹੈ, ਜ਼ਰੂਰ ਹੈ,
2. ਚਾਹੇ ਮੈਨੂੰ ਨਹੀਂ ਦਿੱਸਦਾ ਕਿਉਂਕਿ ਮੇਰੇ ਆਤਮ ਨੈਣ ਅਜੇ ਖੁੱਲ੍ਹੇ ਨਹੀਂ।
3. ਖੁੱਲ੍ਹਣ ਦਾ ਤ੍ਰੀਕਾ ਬਾਣੀ ਤੇ ਭਜਨ ਹੈ।
4. ਮੈਂ ਪਾਠ ਕਰਾਂ, ਪਾਠ ਸੁਣਾਂ, ਕੀਰਤਨ ਕਰਾਂ, ਕੀਰਤਨ ਸੁਣਾਂ, ਭਜਨ ਵਿਚ, ਬੰਦਗੀ ਵਿਚ ਲਗਾਂ।
5. ਪਾਠ ਕੀਰਤਨ, ਭਜਨ ਹਰ ਹਾਲ ਵਿਚ ਸਮਝਾਂ ਕਿ ਮੈਂ ਹਜ਼ੂਰੀ ਵਿਚ ਹਾਂ। **"ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ"** ਦੀ ਹਜ਼ੂਰੀ ਵਿਚ ਹਾਂ। ਉਹ ਮੇਰੀ ਅਰਦਾਸ ਸੁਣ ਰਿਹਾ ਹੈ, ਮੈਂ ਹੁਣ ਭੈ ਵਿਚ, ਪ੍ਰੇਮ ਵਿਚ, ਉਸ ਦੇ ਹਜ਼ੂਰ ਸਾਰਾ ਹਾਜ਼ਰ ਰਹਾਂ ਤੇ ਅਰਦਾਸ ਕਰਾਂ। ਜੇ ਮਨ ਉੱਡੇ ਤਾਂ ਰੋਕਾਂ। ਨਾ ਰੁਕੇ, ਫੇਰ ਰੋਕਾਂ, ਰੋਕਣ ਲਈ ਅਰਦਾਸ ਕਰਾਂ, ਗੁਰੂ ਬਾਬੇ ਨਾਨਕ ਅਗੇ ਅਰਦਾਸ ਕਰਾਂ ਕਿ "ਜਿਵੇਂ ਆਪ ਨੇ ਕਾਜ਼ੀ ਤੇ ਨਵਾਬ ਨੂੰ ਹਜ਼ੂਰੀ ਦਾਨ ਕੀਤੀ ਸੀ ਮੈਨੂੰ ਬੀ ਹਜ਼ੂਰੀ ਦਾਨ ਕਰੋ। ਤੁਸੀਂ ਸਦਾ ਜੀਉਂਦੇ ਹੋ, ਦੇਹੀ ਵਿਚ ਕਿ ਦੇਹੀ ਤੋਂ ਬਾਹਰ, ਤੁਸੀਂ ਸਾਡੇ ਨਾਲ ਹੋ, ਜਾਗਤੀ ਜੋਤ ਹੋ। ਜਿਵੇਂ ਓਦੋਂ ਤ੍ਰੁੱਠੇ ਸਾਓ ਅੱਜ ਮੇਰੇ ਤੇ ਤ੍ਰੁੱਠੋ, ਮੈਨੂੰ ਹਜ਼ੂਰੀ ਵਿਚ ਹਾਜ਼ਰ ਹੋਕੇ ਅਰਦਾਸ ਕਰਨੀ, ਬਾਣੀ ਪੜਨੀ, ਭਜਨ ਕਰਨਾ, ਦਾਨ ਕਰੋ। ਤੁਸੀਂ ਦਿਆਲ ਹੋ, ਦੀਨ ਦਿਆਲ ਹੋ, ਤੁਸੀਂ


www.sikhbookclub.com

ਗੁਰੂ ਹੋ ਮੈਂ ਸਿੱਖ ਹਾਂ, ਚਾਹੇ ਨਾਮ ਧ੍ਰੀਕ ਸਿੱਖ ਹਾਂ, ਪਰ ਗੁਰੂ ਬਾਬਾ ਤੇਰਾ ਸਿੱਖ ਹਾਂ, ਮੈਨੂੰ ਅਪਣੇ ਨਾਮ ਦੇ ਸਕਦੇ ਹਜ਼ੂਰੀ ਦਾ ਪਾਠ, ਹਜ਼ੂਰੀ ਦੀ ਅਰਦਾਸ ਹਜ਼ੂਰੀ ਦਾ ਭਜਨ ਦਾਨ ਕਰੋ।"

19.

**ਆਪ** ਜਤਨ ਲਾਓ, ਬਾਹਰ ਜਾਂਦਾ ਮਨ ਵਰਜੋ, ਇਸਨੂੰ ਹੋੜੋ, ਮੱਤ ਦਿਓਸੁ ਕਿ ਹੇ ਸਦਾ ਹਿੱਲਣੇ ਤੇ ਨਾ ਟਿਕਣੇ, ਹੁਣ ਮੈਂ ਸ਼ਹਿਨਸ਼ਾਹਾਂ ਦੇ ਸ਼ਾਹ, ਕੋਟ ਬ੍ਰਹਿਮੰਡਾਂ ਦੇ ਠਾਕਰ ਅੱਗੇ ਅਰਦਾਸ ਲੈ ਕੇ ਆਇਆ ਹਾਂ ਹੁਣ ਸਾਰਾ ਢਹਿ ਪਉ ਉਸਦੀ ਸ਼ਰਨ, ਛੱਡ ਸੰਕਲਪ, ਵਿਕਲਪ, ਖਿਆਲ, ਆਸ ਅੰਦੇਸੇ, ਏਹ ਉਡਾਰੀਆਂ ਤੇਰੀਆਂ ਆਪਣਾ ਘਾਤ ਹੈ। ਆ ਆਪਣੇ ਘਰ, ਏਹੜ ਤੇਹੜ ਛਡ ਤੇ ਇਕ ਹਜ਼ੂਰੀ ਦੇ ਘਰ ਆਕੇ ਅਰਦਾਸ ਕਰ ਜੋ ਰੱਬ ਸੁਣੇਂ ਤੇ ਤੇਰਾ ਭੌਜਲ ਤਰਿਆ ਜਾਵੇ।

20.

**ਸਾਡੇ** ਮੋਹ ਮਾਇਆ ਤੇ ਪਦਾਰਥਾਂ ਦੇ ਪਿਆਰ ਸਾਰੇ ਬੁਤ ਪ੍ਰਸਤੀ ਹਨ। ਮਾਇਆ ਵਿਚ ਰਹਿਕੇ ਮਾਇਆ ਦੇ ਪੁਜਾਰੀ ਨਹੀਂ ਬਣਨਾ, ਇਸ ਦੇਵੀ ਦੀ ਪੂਜਾ ਨਹੀਂ ਕਰਨੀ।

21.

**ਗੁਣਾਂ** ਦਾ ਨਾਮ ਸਿੱਖੀ ਹੈ। ਗੁਣਾਂ ਦੇ ਧਾਰਨ ਤੇ ਰਹਿਣੀ ਦਾ ਨਾਮ ਸਿੱਖੀ ਹੈ। ਗੁਰੂ ਜੀ ਆਪ ਦੱਸਦੇ ਹਨ:

**"ਵਿਣੁ ਗੁਣ ਕੀਤੇ ਭਗਤਿ ਨ ਹੋਇ॥"** (ਜਪੁਜੀ)

ਗੁਣ ਧਾਰਨੇ ਚਾਹੀਏ।

22.

**'ਨਾ** ਕੋਈ ਹਿੰਦੂ ਹੈ ਨਾ ਮੁਸਲਮਾਨ' ਉਹ ਕੂਕ ਇਹੋ ਸੀ ਕਿ ਬਨਾਵਟ, ਦਿਖਾਵਾ, ਜ਼ਾਹਰਦਾਰੀ, ਰਿਆਕਾਰੀ ਧਰਮ ਨਹੀਂ ਹੈ, ਮਜ਼ਹਬ ਨਹੀਂ ਹੈ, ਰਸਤਾ ਨਹੀਂ, ਪਰਮਾਰਥ ਨਹੀਂ ਹੈ। ਉਨ੍ਹਾਂ ਦੀ ਇਕ ਸੱਦ 'ਨਾ ਕੋਈ ਹਿੰਦੂ

 www.sikhbookclub.com

ਹੈ ਨਾ ਮੁਸਲਮਾਨ' ਅੱਜ ਸਿੱਖਾਂ ਨੂੰ ਵਧੀਕ ਕੰਨ ਦੇਕੇ ਸੁਣਨੀ ਚਾਹੀਏ ਕਿ ਗੁਰੂ ਬਾਬਾ ਅਰਸ਼ਾਂ ਤੋਂ ਆਉਂਦੇ ਸਾਰ ਜਾਂ ਬੋਲਿਆ ਤਾਂ ਕੀ ਬੋਲਿਆ ਤੇ ਉਸ ਦੇ ਚਾਨਣੇ ਵਿਚ ਅਸਾਂ ਅੱਜ ਕੀ ਅਮਲ ਕਰਨਾ ਹੈ, ਕੀ ਆਪਾ ਸੁਆਰਨਾ ਹੈ ਤੇ ਕੀ ਲਾਭ ਲੈਣਾ ਹੈ? ਇਹ ਹੈ ਗੁਰੂ ਨੂੰ ਮੰਨਣਾ, ਗੁਰੂ ਨੂੰ ਹਾਜ਼ਰ ਜਾਣਨਾ, ਆਪਣੇ ਨਾਲ ਬੋਲਦਾ ਵੇਖਣਾ, ਸੁਣਕੇ ਅਮਲ ਕਰਨਾ ਤੇ ਸਿੱਖ ਬਣਨਾ।

23.

**ਕਿੱਕਰ** ਦੇ ਬੀਜ ਨੂੰ ਕੰਢੇ ਨਹੀਂ ਹੁੰਦੇ, ਪਰ ਜਦ ਬੀਜ ਦਿਓ ਬੂਟਾ ਉਗ ਪਵੇ ਤਾਂ ਕੰਡੇ ਸੂਲਾਂ ਆਪੇ ਨਿਕਲ ਪੈਂਦੇ ਹਨ। ਅਧਰਮ ਦਾ ਕੱਠਾ ਕੀਤਾ ਪੈਸਾ ਤੇ ਉਸਤੋਂ ਬਣੇ ਪਦਾਰਥ ਕਿਵੇਂ ਬੀ ਦੁਖਦਾਈ ਨਹੀਂ ਭਾਸਦੇ ਪਰ ਜਦ ਨਿਰਮਲ ਹਿਰਦਿਆਂ ਵਾਲੇ ਖਾਂਦੇ ਹਨ ਤਾਂ ਪੀੜਤ ਹੁੰਦੇ ਹਨ, ਅਧਰਮ ਦੇ ਕੰਡੇ ਚੁਭਦੇ ਹਨ।

24.

**ਐਸ਼੍ਵਰਜ**, ਪਰਤਾਪ, ਹੁਕਮ, ਪਦਾਰਥ ਧਨ ਧਾਮ ਜੇ ਧਰਮ ਦੀ ਕਮਾਈ ਨਹੀਂ ਤਾਂ ਕਿਸ ਕੰਮ?

25.

**ਨਾਮ** ਜਪ, ਦੇਖ ਧਰਮ ਦੀ ਕਿਰਤ ਸਾਈਂ ਨਾਮ ਬਿਨਾਂ ਸੁਹਾਗਣ ਨਹੀਂ ਹੁੰਦੀ। ਧਰਮ ਕਿਰਤ ਕਰਨ ਵਾਲੇ ਸੁਚੇ ਤਾਂ ਹੋ ਜਾਂਦੇ ਹਨ, ਪਰ ਕੁਸੰਗਾਂ ਕਰਕੇ ਤਾਮਸੀ ਬਿਰਤਿ ਵਿਚ ਚਲੇ ਜਾਂਦੇ ਹਨ। ਜੇ ਨਾਲ ਨਾਮ ਦੀ ਟੇਕ ਹੋਵੇ, ਨਾਮ ਦਾ ਚਾਨਣਾ ਹੋਵੇ ਨਾਮ ਦੀ ਠੰਢ ਹੋਵੇ, ਤਾਂ ਉਹੋ ਸਾਧੂ, ਉਹੋ ਸੰਤ, ਉਹੋ ਫ਼ਕੀਰ, ਉਹੋ ਮਹਾਤਮਾ ਹਨ। ਨਿਰੇ ਕਿਰਤੀ ਬੀ ਸਫ਼ਲ ਨਹੀਂ ਹਨ ਜੋ ਮੂਰਖਤਾ ਵਿਚ ਤੇ ਪਸ਼ੂਆਂ ਵਾਂਙੂੰ ਜੀਉਂਦੇ ਹਨ, ਚਾਹੇ ਸੁਖੀ ਤੇ ਬੇਫ਼ਿਕਰ ਹਨ। ਬਨਾਂ ਜੰਗਲਾਂ ਵਿਚ ਨਿਰੀ ਚੁੱਪ ਸਾਧ ਗਏ ਲੋਕੀ ਸਾਧ ਸੰਤ ਨਹੀਂ, ਉਹ ਤਾਂ ਟਿਕੇ ਹੋਏ ਯੰਤ੍ਰ ਹਨ, ਯੰਤ੍ਰ ਵਾਂਙੂੰ ਉਨ੍ਹਾਂ ਦੇ ਸਰੀਰ ਹਿਲਦੇ ਜੁਲਦੇ ਹਨ। ਪਰ ਹਾਂ, ਓਹ ਜੋ ਨਾਮ ਜਪਦੇ ਹਨ ਤੇ ਨਾਮ ਵਿਚ ਉਛਲਦੇ,

 www.sikhbookclub.com

ਪ੍ਰੇਮ ਤੇ ਸ਼ੁਕਰ, ਬੇਨਤੀ ਤੇ ਰਸ ਨਾਲ ਤ੍ਰਬ੍ਰਕਦੇ ਹਨ, ਸਾਈਂ ਵੱਲ ਅੰਦਰੋਂ ਬਾਹੀਂ ਉਲਾਰ ਉਲਾਰ ਤਾਂਘਦੇ ਹਨ, ਕੇਵਲ ਓਹ ਜੀਉਂਦੇ ਹਨ, ਲੋਕ ਪ੍ਰਲੋਕ ਸੁਹੇਲੇ ਹਨ। ਨਾਮ ਬਿਨਾ ਮੁਰਦਿਹਾਨ ਹੈ, ਨਾਮ ਬਿਨਾਂ ਜਿੰਦ ਵਿਚ ਜਿੰਦ ਨਹੀਂ।

26.

**ਸੁਲਤਾਨਪੁਰੇ** ਤੋਂ ਤੁਰਨ ਵੇਲੇ ਆਪ ਨੇ ਪਹਿਲਾ ਸਬਕ ਇਹ ਸਿਖਾਇਆ ਸੀ ਕਿ ਜੋ ਭਜਨ ਬੰਦਗੀ ਅਰਦਾਸ ਸਿਮਰਨ ਕਰੋ, ਸੋ ਵਾਹਿਗੁਰੂ ਦੀ ਹਜ਼ੂਰੀ ਵਿਚ ਕਰੋ, ਗ਼ੈਰ ਹਾਜ਼ਰੀ ਦਾ ਕੀਤਾ ਪਰਵਾਨ ਨਹੀਂ। ਚਾਹੇ ਉਹ ਸ਼ੁਭ ਸੁਭਾਵ ਪੈਂਦਾ ਹੈ, ਪਰ ਹਜ਼ੂਰੀ ਵਿਚ ਕੀਤੇ ਬਿਨਾਂ ਉਸਦਾ ਪੂਰਾ ਲਾਭ ਨਹੀਂ ਹੁੰਦਾ। ਐਮਨਾਬਾਦ ਵਿਚ ਦੂਸਰਾ ਸਬਕ ਆਪ ਨੇ ਇਹ ਸਿਖਾਇਆ ਕਿ ਸਰੀਰ ਸੰਸਾਰ ਵਿਚ ਹੈ ਤੇ ਕਿਸੇ ਮਨੋ ਕਲਪਨਾ ਨਾਲ ਯਾ ਦਰਸ਼ਨ ਵਿਦਯਾ ਦੀ ਵੀਚਾਰ ਮਾਤ੍ਰ ਨਾਲ ਸਰੀਰ ਵਿਚੋਂ ਉਠ ਨਹੀਂ ਜਾਂਦਾ, ਤਾਂ ਤੇ ਮਨ ਨੂੰ ਸਾਧਦੇ ਹੋਏ ਸ਼ਰੀਰ ਨੂੰ ਧਰਮ ਦੀ ਕਿਰਤ ਵਿਚ ਕ੍ਰਿਯਾਮਾਨ ਰੱਖੋ। ਇਸ ਦੀ ਪਾਲਣਾ ਕਰੋ, ਪਰ ਕਮਾਮ ਕਿੱਲੇ ਘੜਨ ਤੋਂ ਪਾਤਸ਼ਾਹੀ ਤੱਕ ਧਰਮ ਦੀ ਕਿਰਤ ਹੈ, ਜੇ ਧਰਮ ਨਾਲ ਕੀਤਾ ਜਾਵੇ। ਤੇ ਧਰਮ ਕਿਰਤ ਤਾਂ ਸੁਹਾਗਵੰਤੀ ਹੈ ਜੇ ਨਾਮ ਦਾ ਨਿਵਾਸ ਹਿਰਦੇ ਵਿਚ ਹੋਵੇ। ਇਹ ਦੋ ਚੋਟੀ ਦੇ ਚਾਨਣ ਮੁਨਾਰੇ ਆਪਣੀ ਧਰਤੀ ਵਿਚ ਖੜੇ ਕਰਕੇ ਦਾਤਾ ਜੀ ਇਥੋਂ ਟੁਰ ਪਏ।

1. ਬੰਦਗੀ ਕਰੋ, ਭਜਨ ਕਰੋ, ਨਾਮ ਜਪੋ ਹਜ਼ੂਰੀ ਵਿਚ।
2. ਜੋ ਕਿਰਤ ਕਰੋ ਸੁਹਣੀ ਕਰੋ, ਧਰਮ ਨਾਲ ਕਰੋ, ਧਰਮ ਕਿਰਤ ਦੀ ਕਮਾਈ ਛਕੋ, ਫਿਰ ਨਾਮ ਜਪੋ। ਧਰਮ, ਕਿਰਤ ਤੇ ਨਾਮ ਇਕੱਠੇ ਰਖੋ।

27.

**ਜੇ** ਵਾਹਿਗੁਰੂ ਦੇ ਭੇਤਾਂ ਵਿਚੋਂ ਕਿਣਕਾ ਮਿਲ ਜਾਏ ਤਾਂ ਇਸ ਤਰ੍ਹਾਂ ਪ੍ਰਗਟ ਨਹੀਂ ਕਰੀਦਾ।

28.

**ਅੰਨ** ਛੱਡਣਾ ਪਖੰਡ ਕਰਨਾ ਹੁੰਦਾ ਹੈ, ਪਰ ਮਰਦਾਨਿਆਂ! ਮਨੁੱਖ ਨਿਰਾ ਉਸ ਅੰਨ ਨਾਲ ਨਹੀਂ ਜੀਉਂਦਾ। ਜੀਵਨ ਨਾਮ ਦੇ ਆਸਰੇ ਬੀ ਹੈ। ਜਪੀਦਾ

ਹੈ ਨਾਮ ਅੰਨ ਦੇ ਆਧਾਰ ਨਾਲ, ਪਰ ਨਾਮ ਦਾ ਭੀ ਆਧਾਰ ਹੈ ਸਰੀਰ ਨੂੰ ਕੋਈ। ਇਹ ਗੱਲ ਕਦੇ ਤੈਨੂੰ ਵੀ ਵਾਪਰ ਕੇ ਦਿੱਸੇਗੀ।

29.

**ਜੋ** ਸ਼ਬਦ ਦਾ ਸੇਵਕ ਹੋਵੇ, ਜੋ ਨਾਮ ਜਪੇ, ਜੋ ਹੋਰਾਂ ਨੂੰ ਨਾਮ ਜਪਾਵੇ ਲੋਭ ਵਿਚ ਨਾ ਵਰਤੇਗਾ। ਜੋ ਲੋਭ ਵਿਚ ਵਰਤਦਾ ਦਿੱਸੇ ਉਹ ਸਾਂਈ ਦਾ ਸੇਵਕ ਨਹੀਂ ਹੈ। ਨਾਮ ਦੇ ਪਿਆਰੇ ਲੋਭੀ ਨਹੀਂ ਹੁੰਦੇ, ਧਰਮ ਵਿਚ ਵਰਤਦੇ ਹਨ, ਮਾਇਆ ਨੂੰ ਮੈਲ ਜਾਣਦੇ ਹਨ ਹੱਥਾਂ ਪੈਰਾਂ ਦੀ। ਲੋਭ ਦਾ ਵੇਸਾਹ ਨਹੀਂ ਕਰਨਾ ਕਿ ਇਹ ਸਾਈਂ ਦਾ ਘੱਲਿਆ ਹੈ ਕਿ ਸਾਈਂ ਦਾ ਬੰਦਾ ਹੈ। ਲੋਭ ਪਾਪ ਕਰਾਉਂਦਾ ਹੈ, ਝੂਠ ਨਾਲ, ਦਗੇ ਨਾਲ, ਘੱਟ ਤੋਲਕੇ, ਵੱਢੀ ਲੈਕੇ, ਝੂਠੀ ਸਾਖ ਭਰਕੇ, ਦੂਜੇ ਦਾ ਬੁਰਾ ਕਰਕੇ, ਮਾਲਕ ਨਾਲ ਧ੍ਰੋਹ ਕਰਕੇ। ਅਨੇਕਾਂ ਪਾਪਾਂ ਨਾਲ ਲੋਭ ਮਾਇਆ ਕੱਠੀ ਕਰਵਾਉਂਦਾ ਹੈ। ਜਿੱਥੇ ਲੋਭ ਹੈ, ਉੱਥੇ ਹੀ ਪਾਪ ਆ ਛਲਦਾ ਹੈ।

30.

**ਗੁਰੂ** ਜੀ— ਹੀਰੇ ਜਨਮ ਦੀ ਹਾਰ ਦੀ ਜਿਨ੍ਹਾਂ ਨੂੰ ਸਾਰ ਨਹੀਂ ਉਨ੍ਹਾਂ ਨੂੰ ਹਾਰ ਨਾਲ ਪੈ ਰਹੇ ਘਾਟੇ ਦੀ ਕੀ ਸਾਰ?

ਸ਼ਾਹਜ਼ਾਦਾ— ਹੀਰਾ ਜਨਮ ਕੀ ਹੁੰਦਾ ਹੈ? ਦੌਲਤ, ਮਾਲ, ਹਾਸਾ, ਖੇਡ ਤੇ ਖੁਸ਼ੀ?

ਗੁਰੂ ਜੀ— ਹੀਰਾ ਜਨਮ ਮਾਨੁੱਖਾ ਦੇਹ ਹੈ, ਤੇ ਵਿਗੜਦਾ ਹੈ ਇਉਂ:

**"ਖਸਮੁ ਵਿਸਾਰਿ ਕੀਏ ਰਸ ਭੋਗ॥**
**ਤਾਂ ਤਨਿ ਉਠਿ ਖਲੋਏ ਰੋਗ॥"**

(ਮਲਾਰ ਮ: ੧ ਪੰਨਾ ੧੨੫੬)

31.

**ਏਹ** ਰੱਸੇ ਜੋ ਦੂਇਆਂ ਲਈ ਵੱਟੇ ਨੇ, ਜਾਣ ਲਓ ਕਿ ਤੁਸਾਂ ਅਪਣੇ ਲਈ ਵੱਟੇ ਹਨ। ਇਹ ਛੁਰੇ ਜੋ ਲੋਕਾਂ ਲਈ ਤ੍ਰਿਖੇ ਕੀਤੇ ਨੇ, ਜਾਣ ਲਓ ਕਿ ਆਪਣੇ ਗਲੇ ਲਈ ਸਾਨ ਚਾੜ੍ਹ ਆਂਦੇ ਨੇ। ਵਿਖ ਦੇ ਪਿਆਲੇ ਜੋ ਹੋਰਾਂ


www.sikhbookclub.com

ਲਈ ਘੱਲੇ ਨੇ, ਜਾਣ ਲਓ ਕਿ ਤੁਸਾਂ ਆਪ ਪੀਣੇ ਹਨ। ਡਰੋ ਕਿ ਇਨ੍ਹਾਂ ਨਾਲ ਤੁਹਾਡਾ ਆਪਾ ਅੰਦਰੋ ਅੰਦਰ ਮੰਦਾ ਹੁੰਦਾ ਜਾਂਦਾ ਹੈ, ਤੁਹਾਡਾ ਆਪਾ ਬੁਰਾ ਬਣਦਾ ਜਾਂਦਾ ਹੈ। ਹਾਂ, ਆਪਣੀਆਂ ਕੀਤੀਆਂ ਆਪਣੇ ਤੇ ਉਲਟਦੀਆਂ ਹਨ। ਡਰੋ ਉਸ ਦਰਗਾਹ ਤੋਂ ਜੋ ਆਪਣੀਆਂ ਕੀਤੀਆਂ ਜ਼ਰੂਰ ਇਕ ਦਿਨ ਮੋੜਕੇ ਆਪਣੇ ਗਲੇ ਪਾ ਦੇਂਦੀ ਹੈ।

32.

ਨਿਤਾਣੇ, ਆਲਸੀ ਤੇ ਦਲਿੱਦਰੀ ਲੋਕ, ਜੋ ਨੇਕੀ ਬਦੀ ਕੁਛ ਨਹੀਂ ਕਰਦੇ, ਉਨ੍ਹਾਂ ਵਿਚ ਬਲ ਨਹੀਂ ਹੁੰਦਾ।

33.

**ਸ੍ਰੀ** ਗੁਰੂ ਜੀ-ਮਨ ਹੈ ਭੁੱਖਾ, ਇਸਨੂੰ ਹੈਨ ਲੋੜਾਂ, ਤੇ ਲੋੜਾਂ ਤੋਂ ਵੱਧ ਦੀ ਮੰਗ-ਤ੍ਰਿਸ਼ਨਾ। ਸੋ ਰਯਾਜ਼ਤ ਕਰਦਿਆਂ ਜਦ ਨੇਕ ਨਾਮੀ ਹੋ ਜਾਵੇ ਯਾ ਕੋਈ ਰਿਧੀ ਸਿਧੀ ਫੁਰ ਪਵੇ ਤਾਂ ਮਨ ਉਨ੍ਹਾਂ ਵਿਚ ਹੀ ਵਸ ਜਾਂਦਾ ਹੈ, ਮਨ ਹੋਇਆ ਲਓ ਲਈ ਦੀ ਅਤ੍ਰਿਪਤ ਭੁੱਖ ਵਾਲਾ। ਇਹ ਹੈ ਖੁੜੱਲ ਸਾਧਕਾਂ ਦੀ।

ਮਰਦਾਨਾ-ਬਚੇ ਕੀਕੂੰ ? ਢਹਿ ਪਵੇ ਤਾਂ ਨਿਕਲੇ ਕੀਕੂੰ ?

ਗੁਰੂ ਜੀ-ਪਹਿਲਾਂ ਸਿਞਾਣਕੇ ਟੁਰੇ ਨਾ। ਸੇਧ ਬੰਨੇ ਕਰਤਾਰ ਦੀ, ਵਾਸ਼ਨਾਂ ਨੂੰ ਕਰੇ ਵੱਸ, ਆਪਾ ਜਿੱਤੇ, ਫੇਰ ਸਾਧਨਾ ਕਰੇ, ਟਕੇ ਧਰੇ ਕਰਤਾਰ ਤੇ, ਉਸੇ ਦੇ ਪਿਆਰ ਨੂੰ ਸਭ ਕੁਛ ਸਮਝੇ, ਜਗਤ ਦੇ ਪਦਾਰਥਾਂ ਤੇ ਤਾਕਤਾਂ ਤੋਂ ਵੈਰਾਗ ਧਰੇ। ਫੇਰ ਨਹੀਂ ਫਸਦਾ ਏਸ ਖੁੜੱਲ ਵਿਚ।

34.

**ਮਨੁਖ** ਮਿੱਟੀ ਤੋਂ ਬਣਿਆ ਹੈ, ਸੋ ਮਿੱਟੀ ਨਾਲ ਏਸ ਦਾ ਪਿਆਰ ਹੈ। ਇਕ ਮਿਟੀ ਦਾ ਤਾਂ ਸਰੀਰ ਹੈਸੂ, ਇਕ ਇਹ ਮਿਟੀ ਦਾ ਹੋਰ ਮੰਡਪ ਉਸਾਰ ਕੇ ਵਿਚ ਵੜ ਬੈਠਦਾ ਹੈ, ਫੇਰ ਬਫਾਉਂਦਾ ਹੈ ਕਿ ਮੈਂ ਹਾਂ ਮਾਲਕ, ਪਰ ਤਲਬ ਸਾਈਂ ਦੀ ਆਈ ਨਹੀਂ ਕਿ ਦੁਇ ਮੜੋਲੀਆਂ ਮਿੱਟੀ ਦੀਆਂ ਛੱਡ ਤੁਰਦਾ ਹੈ। ਮਿੱਟੀ ਵਿਚ ਫਸ ਬੈਠਣਾ ਮਿੱਟੀ ਵਰਗੀ ਅਕਲ ਦਾ ਕੰਮ ਹੈ। ਫ਼ਕੀਰ ਉੱਜਲ ਮਤ ਹੁੰਦਾਹੈ, ਉਹ ਮਿੱਟੀ ਤੋਂ ਵੱਖ ਹੋ ਕੇ ਮਿੱਟੀ ਨੂੰ ਵੇਖਦਾ ਹੈ ਕਿ



www.sikhbookclub.com

ਇਹ ਮੈਂ ਨਹੀਂ, ਮਿੱਟੀ ਤੋਂ ਉੱਪਰ ਸਾਈਂ ਦੀ ਜੋਤ ਦਾ ਚੁਬਾਰਾ ਹੈ, ਫ਼ਕੀਰ ਉਸ ਵਿਚ ਜਾ ਟਿਕਾਣਾ ਕਰਦਾ ਹੈ। ਉਠਦਾ, ਬਹਿੰਦਾ, ਟੁਰਦਾ, ਉਨਮਨ ਵਿਚ ਰਹਿੰਦਾ ਹੈ, ਫ਼ਕੀਰ ਇਸ ਚੁਬਾਰੇ ਖੇਡਦਾ ਹੈ। ਮਿੱਟੀ ਦਾ ਪਿਆਰ ਮਿੱਟੀ ਵਿਚ ਲੈ ਜਾਂਦਾ ਹੈ। ਚੁਬਾਰੇ ਉਲਟਕੇ ਮੜ੍ਹੀਆਂ, ਗੋਰਾਂ, ਕਬਰਾਂ ਬਣ ਜਾਂਦੇ ਹਨ। ਮਿੱਟੀ ਦਾ ਪਯਾਰ ਮਿੱਟੀ ਵਿਚ ਰੱਖਸੀ।

35.

**ਤੁਸਾਡੇ** ਹੱਥ ਮਾਲਾ ਦਾ ਮਣਕਾ ਹੈ, ਪਰ ਮਨ ਸਿਮਰ ਰਿਹਾ ਹੈ ਇਸਤ੍ਰੀ, ਪੁੱਤ੍ਰ, ਧਨ ਧਾਮ, ਵਿਹਾਰਕਾਰ, ਘਰ ਬਾਰ, ਅਨੇਕ ਧੰਦੇ। ਮਨ ਜਾਏਗਾ ਓਥੇ ਜਿੱਥੇ ਇਸਦੀ ਤਾਰ ਲੱਗ ਰਹੀ ਹੈ, ਹਾਂ ਜਿਨ੍ਹਾਂ ਸੰਕਲਪਾਂ ਦੀ ਲਿਵ ਵਿਚ ਮਨ ਹੈ ਓਥੇ ਜਾ ਪ੍ਰਾਪਤ ਹੋਵੇਗਾ।

36.

**ਇਕ** ਵਾਹਿਗੁਰੂ ਜੀ ਨਾਲ ਲਿਵ ਦਾ ਮਾਰਗ ਸਮਝਾਇਆ ਕਿ ਇਹ ਰਸਤਾ ਹੈ, ਨਾਮ ਜਪੋ, ਹਜ਼ੂਰੀ ਵਿਚ ਵੱਸੋ, ਉਠਦੇ ਬਹਿੰਦੇ ਟੁਰਦੇ ਫਿਰਦੇ ਉਸ ਮਾਲਕ ਦੀ ਹਜ਼ੂਰੀ ਵਿਚ ਰਹੋ, ਉਸ ਪਿਆਰ ਤੇ ਰਸਭਰੀ ਹਜ਼ੂਰੀ ਤੋਂ ਓਹਲੇ ਨਾ ਹੋਵੋ, ਐਉਂ ਜਾਣੋਂ ਕਿ ਜਿਸ ਦਾ ਨਾਮ ਰਸਨਾਂ ਤੇ ਹੈ ਉਹ ਹਾਜ਼ਰ ਹੈ ਤੇ ਅਸੀਂ ਹਜ਼ੂਰੀ ਵਿਚ ਹਾਂ। ਪੌਣ ਜੀਕੂੰ ਅੰਗ ਸੰਗ ਹੈ, ਜਿੱਥੇ ਜਾਓ ਸਵੋਂ ਟੁਰੋ, ਬਹੋ, ਸਦਾ ਅੰਗ ਸੰਗ ਹੈ, ਦੀਹਦੀ ਨਹੀਂ ਪਰ ਹੈ, ਤਿਵੇਂ ਓਹ ਪੌਣ ਤੋਂ ਬੀ ਸੂਖਮ ਪਰਮਤੱਤ ਅੰਗ ਸੰਗ ਹੈ, ਪਯਾਰ, ਰਸ ਤੇ ਆਨੰਦ ਉਸ ਤੋਂ ਹਰ ਵੇਲੇ ਫੁਹਾਰੇ ਵਾਂਕੂ ਛੁਟਦਾ ਹੈ, ਉਸਦੀ ਹਜ਼ੂਰੀ ਵਿਚ ਰਹਿਣ ਨਾਲ ਉਹ ਸੁਆਦ ਸਾਨੂੰ ਵੀ ਆਵੇਗਾ ਜੇ ਉਹ ਸਦਾ ਜਾਗਦੀ ਹੋਂਦ ਵਿਚ, ਉਸ ਅੰਗ ਸੰਗ 'ਸਤਯਾ' ਦੇ ਵਿਚ ਸਾਡਾ ਮਨ ਰਹੇਗਾ ਤਾਂ ਮਰਕੇ ਬੀ ਅਸੀਂ ਉੱਥੇ ਹੀ ਜਾਵਾਂਗੇ। ਹਾਂ, ਕਾਰ ਵਿਹਾਰ ਕਰੋ, ਬਈ ਕਾਰ ਵਿਹਾਰ, ਕੋਈ ਕਿੱਤਾ, ਕੋਈ ਰੋਜ਼ੀ ਕਰਕੇ-ਕਮਾਕੇ-ਰੋਟੀ ਖਾਓ। ਕਮਾਕੇ ਫਿਰ ਵੰਡ ਕੇ ਖਾਓ। ਕਿਰਤ ਕਮਾਈ ਵਿਚੋਂ ਦੇਕੇ ਭਲਾ ਮਨਾਓ।

37.

**ਕੋਈ** ਕਿਰਤ ਕਰੋ, ਪਰ ਜੋ ਕਰੋ ਸੁਹਣੀ ਤਰ੍ਹਾਂ ਕਰੋ। ਕਮਾਓ, ਪਰ ਧਰਮ ਕਿਰਤ ਨਾਲ। ਹਾਂ ਕਮਾਈ ਕਰਨ ਵਿਚ ਮਨ ਲੋੜੀਏ, ਮਨ ਜਾਏਗਾ ਕੰਮਾਂ ਵੱਲ ਤਾਂ ਹਜ਼ੂਰੀ ਵਿਚ ਕੀਕੂੰ ਵੱਸੇਗਾ? ਹਾਂ, ਬਈ ਹਜ਼ੂਰੀ ਵਿਚ ਵੱਸੇਗਾ ਐਉਂ : ਹੱਥ ਨਾਲ ਕਾਰ ਕਰੋ, ਦਿਲ ਦੀ ਸਤਯਾ ਦੀ ਜਿੰਨੀ ਲੋੜ ਹੈ ਕਿਰਤ ਨੂੰ ਦਿਓ, ਸੁਹਣੀ ਤਰ੍ਹਾਂ ਦਿਓ, ਕਿੱਤੇ ਕੰਮ ਅਕਲ ਨਾਲ ਹੋਸ਼ ਨਾਲ ਕਰੋ, ਕਪਟ ਛਲ ਨਾਲ ਨਾ, ਦੂਸਰੇ ਦੇ ਬੁਰੇ ਦੀ ਨੀਯਤ ਨਾਲ ਨਾ, ਪਰ ਅਕਲ ਨਾਲ, ਸੋਚ ਨਾਲ ਕਿੱਤੇ ਵਿਚ ਧਿਆਨ ਦੇਕੇ। ਕਿੱਤਾ ਸੁਹਣਾ ਕਰੋ : ਪਰ ਵਿਚ ਵਿਚ ਵਿਹਲ ਆਉਂਦੀ ਹੈ, ਸਵੇਰਾ ਸੰਧਯਾ ਰਾਤ ਵਿਹਲ ਹੁੰਦੀ ਹੈ। ਪਹਿਲਾਂ ਵਿਹਲੇ ਵਿਹਲੇ 'ਵੇਲੇ' ਹਜ਼ੂਰੀ ਵਿੱਚ ਵਸਦਿਆਂ ਸਫਲ ਕਰੋ। ਫੇਰ ਹੱਥ ਕਾਰ ਵੱਲ ਟੁਰਿਆ ਰਹੇ, ਦਿਲ ਕਰਤਾਰ ਵੱਲ ਲਾਈ ਰੱਖੋ। ਸਮਾਂ ਪਾਕੇ ਦਿਲ ਹਜ਼ੂਰਿਓਂ ਬਾਹਰ ਨਹੀਂ ਆਇਆ ਕਰੇਗਾ। ਭੁੱਲ ਦਾ ਪਰਦਾ ਹੈ ਸਾਡੇ ਤੇ ਮਾਲਕ ਵਿਚ, ਭੁੱਲ ਕੱਢ ਦਿਓ, ਯਾਦ ਵਿਚ ਵੱਸੋ, ਯਾਦ ਹਜ਼ੂਰੀ ਵਿਚ ਰੱਖਦੀ ਹੈ। 'ਹਜ਼ਰੀ ਸਿੱਖਾਂ ਦਾ ਮੂਲ ਹੈ' ਇਹ ਸਮਝ ਕੇ ਪਰਮੇਸ਼ਰ ਦੇ ਨਾਮ ਜੱਪਣ ਨੂੰ ਇਸ 'ਹਜ਼ੂਰੀ ਦੇ ਅਭਯਾਸ' ਦੀ ਟੋਹਣੀ ਸਮਝੋ। ਨਾਮ ਦਾ ਪਰਚਾ ਮਨ ਨੂੰ ਗ਼ਾਫਲੀ ਤੋਂ ਕੱਢਦਾ ਹੈ ਤੇ ਹਜ਼ੂਰੀ ਵਿਚ ਲਿਆਉਂਦਾ ਹੈ, ਹਾਂ, ਨਾਮ ਹਜ਼ੂਰੀ ਵਾਸ ਹੈ।

38.

**ਮਹਿਮਾਂ** ਮਾਖੀ ਹੈ ਜੋ ਸੱਚ ਦੀ ਖੀਰ ਤੇ ਬਹਿਕੇ ਉਸਨੂੰ ਮਾੜੀ ਛੁਹ ਲਾਕੇ ਉਸਨੂੰ ਮਾੜਿਆਂ ਕਰਦੀ ਹੈ, ਸੱਚ ਦੇ ਸੇਵਕ ਨੂੰ ਸੱਚ ਦੀ ਓਟ ਹੈ। ਮਹਿਮਾਂ ਮਾਖੀ ਦੀ ਲੋੜ ਨਹੀਂ।

39.

**ਰਾਜ** ਦੁਖਾਂ ਦਾ ਮੂਲ ਹੈ ਪਰ ਜੇ ਰਾਜਾ ਰਾਜ ਨੂੰ ਪਰਜਾ ਦੀ ਸੇਵਾ ਸਮਝੇ ਤੇ ਉਸਨੂੰ ਅਪਣੀ ਉਲਾਦ ਜਾਣਕੇ ਪਾਲੇ ਤੇ ਮਨ ਦਾ ਰਉਂ ਸਾਈਂ ਦੀ ਹੋਂਦ ਨਾਲ ਲਾਈ ਰਖੇ ਤਾਂ ਰਾਜ ਵਿਚ ਝੱਲੇ ਦੁਖ ਪਰਉਪਕਾਰ ਲਈ ਹੋ ਜਾਂਦੇ ਹਨ। ਰਾਜ ਬੀ ਮਾਨੋਂ ਕਿਰਤ ਬਣ ਜਾਂਦਾ ਹੈ। ਜਿਸਦੀ ਸੁਰਤ ਸਾਂਈ ਨਾਲ


www.sikhbookclub.com

ਸੁਰ ਹੋਈ ਰਹਿੰਦੀ ਹੈ ਤੇ ਜੋ 'ਸਰਬੱਤ ਦਾ ਭਲਾ' ਕਰਨ ਵਿਚ ਦੇਹੀ ਨੂੰ ਸਫ਼ਲ ਕਰਦਾ ਹੈ ਉਸਦਾ ਆਇਆ ਸਫ਼ਲਾ ਹੈ।

40.

**ਅਕਲ** ਤੇ ਬੁੱਧਿ ਤੋਂ ਉਚੇਰੀ 'ਸੁਤੇ ਸਿਧ ਦੀ ਸੋਝੀ' ਹੋ ਆਉਂਦੀ ਹੈ। ਆਪਾ ਇਸ ਜਗਤ ਦੇ ਮੂਲ ਨਾਲ ਹਰ ਵੇਲੇ ਇਕ ਸੁਰ ਹੋਇਆ ਰਹਿੰਦਾ ਹੈ, ਜਿਸਤੋਂ ਇਹ ਇਕ ਉੱਚਾ ਰਸ ਮਾਣਦਾ ਹੈ, ਜੋ ਰਸ ਕਿ ਪਸ਼ੂ ਬ੍ਰਿਤੀ ਦੇ ਰਸ ਨਾਲੋਂ ਬੀ ਤੇ ਮਨੁੱਖ ਬ੍ਰਿਤੀ ਦੇ ਮਨ ਅਰ ਦਿਮਾਗ ਦੇ ਰਸ ਕੋਲੋਂ ਬੀ ਉੱਚਾ ਹੁੰਦਾ ਹੈ ਤੇ ਓਹ ਆਪੇ ਵਿਚੋਂ ਆਉਂਦਾ ਹੈ।

41.

**ਜੋ** ਤੁਸੀਂ ਕਰਨੀ ਨਹੀਂ ਕਰਦੇ ਤਾਂ ਗੱਲਾਂ ਨਾਲ ਛਾਲਾਂ ਮਾਰਦੇ ਹੋ। ਮਨੁੱਖ ਪਸ਼ੂ ਹੈ, ਇਸਦੀ ਦੇਹ ਜਾਨਵਰਾਂ ਵਰਗੀ ਹੈ, ਇਸਦਾ ਜੰਮਣਾ, ਪਲਨਾ, ਖਾਣਾ, ਪੀਣਾ ਸਭ ਪਸ਼ੂਆਂ ਵਾਂਙੂ ਹਨ, ਦੇਹ ਹੁੰਦਿਆਂ ਇਹ ਖੇਡ ਜਾਰੀ ਰਹਿੰਦੀ ਹੈ। ਇਨ੍ਹਾਂ ਤੋਂ ਜੀਵ ਜਦ ਵੈਰਾਗ ਧਾਰਦਾ ਹੈ ਤੇ ਖਾਣਾ ਪੀਣਾ ਤੇ ਹੋਰ ਸਰੀਰਕ ਲੋੜਾਂ ਨੂੰ ਬ੍ਰਤਾਂ, ਹਠਾਂ, ਤਪਾਂ ਨਾਲ ਫ਼ਤਹ ਕਰਨ ਦੀ ਕਰਦਾ ਹੈ ਤਾਂ ਪੁੱਠਾ ਹੋ ਹੋ ਡਿਗਦਾ ਹੈ। ਏਹ ਸ਼ਰੀਰਕ ਲੋੜਾਂ ਹਨ, ਇਨ੍ਹਾਂ ਨੂੰ ਮਾਰਨਾ ਨਹੀਂ, ਸੰਜਮ ਵਿਚ ਕਰਨਾਂ ਹੈ। ਖਾਣ ਪੀਣ ਦੇ ਝਗੜਿਆਂ ਵਿਚ ਪੈਕੇ ਹੋਰ ਝੇੜੇ ਸੁਰਤ ਲਈ ਨਹੀਂ ਸਹੇੜਨੇ।

42.

**ਸਾਡਾ** ਸੁਭਾਵ ਜੋ ਜਾਨਵਰਾਂ ਨਾਲ ਸਾਂਝਾ ਹੈ ਇਕ ਮਾਨੋਂ ਖੱਟੇ ਦਾ ਬੂਟਾ ਹੈ ਉਸ ਪਰ ਜੋ ਬੁੱਧੀ ਤੇ ਸਿੱਧੀ ਦੀ ਤ੍ਰੱਕੀ ਹੁੰਦੀ ਹੈ ਉਹ ਦੇਉਤਾ ਸੁਭਾਵ ਦੀ ਪੇਉਂਦ ਲਗਦੀ ਹੈ, ਜਿਵੇਂ ਖੱਟੇ ਉਤੇ ਸੰਗਤਰੇ ਦੀ ਪੇਉਂਦ ਕਰੀਦੀ ਹੈ, ਇਸ ਤਰ੍ਹਾਂ ਜੋ ਖੱਟੇ ਦਾ ਮੂਲ ਪੇੜ ਹੈ, ਉਹ ਕੱਟੀਦਾ ਨਹੀਂ, ਉਹ ਹੇਠੋਂ ਰਸ ਲਿਆਉਂਦਾ ਤੇ ਪੇਉਂਦ ਨੂੰ ਦੇਂਦਾ ਹੈ, ਪੇਉਂਦ ਉਸ ਰਸ ਨੂੰ ਅੱਗੇ ਲਿਜਾਕੇ ਸੰਤਰੇ ਦਾ ਫਲ ਪੈਦਾ ਕਰਦੀ ਹੈ। ਹਾਂ ਜੇ ਖੱਟੇ ਦੀ ਕੋਈ ਟਾਹਣੀ ਫੁੱਟੇ ਤਾਂ ਉਹ ਕਟਦੇ ਰਹੀਦੀ ਹੈ। ਇਸ ਤਰ੍ਹਾਂ ਮਨੁੱਖ ਅਪਣੇ ਅੰਦਰਲੇ ਨੂੰ ਦੇਵ ਬਣਾ


www.sikhbookclub.com

ਸਕਦਾ ਹੈ, ਲਿਵ ਵਿਚ ਉੱਚਾ ਹੋ ਸਕਦਾ ਹੈ। ਇਹ ਸਭ ਕੁਛ ਭੁਲਾਕੇ ਤੁਸੀਂ ਨਿਰੇ ਤਪ ਬ੍ਰਤ ਆਦਿ ਕਠਨਾਈਆਂ, ਦਿਲਗੀਰੀ ਵਾਲੀਆਂ ਉਦਾਸੀਆਂ ਤੇ ਸਰੀਰ ਦੀ ਪਾਲਨਾ ਕਰਨ ਵਾਲੀਆਂ ਸ਼ੈਆਂ ਦਾ ਤਿਆਗ ਕਰਕੇ ਮਾਨੋ ਖੱਟੇ ਦੇ ਬੂਟੇ ਨੂੰ ਕੱਟਣ ਦਾ ਜਤਨ ਕਰਦੇ ਹੋ। ਪਰ ਮਨ ਓਥੇ ਦਾ ਓਥੇ ਉਦਾਸੀ ਵਿਚ, ਗਿਣਤੀਆਂ ਵਿਚ ਤੇ ਕਰਮ ਕਾਂਡ ਕਰਦਿਆਂ ਜ਼ੋਰ ਲਾਉਂਦਿਆਂ ਸਰੀਰ ਦੇ ਪਸ਼ੂ ਸੁਭਾਵਾਂ ਵਿਚ ਮਾਨੋ ਖੱਟੇ ਦਾ ਖੱਟਾ ਹੀ ਰਹਿੰਦਾ ਹੈ।

43.

**ਹਰ** ਪ੍ਰਾਣੀ ਦਾ ਮਨ ਦਿਨੇ ਰਾਤ, ਜਾਗਦੇ ਸੁੱਤੇ, ਕੰਮ ਕਿ ਵਿਹਲੇ ਹਰ ਹਾਲ ਸੋਚਾਂ ਵਿਚ ਹੈ, 'ਅਨੇਕ-ਚਿੰਤਨ' ਮਨ ਦਾ ਖਿੰਡਾਉ ਹੈ। ਮਨ ਦਾ ਖਿੰਡਾਉ ਕਮਜ਼ੋਰੀ ਹੈ। ਜੁੜਨਾ, ਇਕਾਗਰ ਹੋਣਾ ਇਹ ਸਤਯਾ ਹੈ ਮਨ ਦੀ। ਜੋ ਮਨ ਜੁੜਦਾ ਹੈ ਉਹ ਸਤਯਾਵਾਨ ਹੁੰਦਾ ਹੈ, ਜੋ ਸਤਯਾਵਾਨ ਹੁੰਦਾ ਹੈ ਉਹੋ ਉਤਾਂਹਾਂ ਨੂੰ ਉਠਦਾ ਹੈ। ਜੁੜਨ ਵਾਲਾ ਮਨ ਨਿਰਮਲ ਬੀ ਹੋਣਾ ਚਾਹੀਏ, ਜੋ ਨਿਰਮਲ ਹੈ ਤੇ ਜੋ ਉੱਚਾ ਉਠਦਾ ਹੈ ਉਹ ਮਨ ਤੋਂ ਨਿਰਮਲ ਬੁੱਧੀ ਵਿਚ ਤੇ ਨਿਰਮਲ ਬੁੱਧੀ ਤੋਂ ਸੁੱਧਿ ਵਿਚ ਅੱਪੜਦਾ ਹੈ। ਸੁੱਧਿ ਵਾਲੇ ਨੂੰ ਸਗਲ ਭਵਨ ਦੀ ਸੁੱਧ ਪ੍ਰਾਪਤ ਹੁੰਦੀ ਹੈ।

44.

**ਜਗਤ** ਦਾ ਮੇਲ ਜਿਸਦਾ ਇਹ ਸਾਰਾ ਖੇਲ ਹੈ-ਸਾਈਂ ਮਾਲਕ, ਆਤਮ ਸੱਤਯਾ ਜੋ ਹੈ-ਸੋ ਅੱਖਾਂ ਦਾ ਵਿਸ਼ਾ ਨਹੀਂ ; ਪਰ ਸਾਡੇ ਆਪੇ ਦੇ ਸੁਧਿ ਮੰਡਲ ਦੇ ਦ੍ਰਿਸ਼ਟਾ ਪਾਸੇ ਵਲ ਅਨੁਭਵ ਨਾਲ ਪ੍ਰਤੀਤ ਹੁੰਦਾ ਹੈ। ਸੋ ਇਸ ਸਰੀਰ ਦਾ ਤਿਆਗ, ਇਸਦੀਆਂ ਕੁਦਰਤੀ ਤੇ ਵਿਹਤ ਭੁੱਖਾਂ ਦਾ ਤਿਆਗ ਉਸਦਾ ਮਾਰਗ ਨਹੀਂ, ਨਾ ਹੀ ਫੋਕੇ ਜਪ ਤਪ ਤਿਆਗ ਸੰਨਯਾਸ ਆਦਿ ਦਿਲਗੀਰੀ ਤੇ ਦਿਲ ਢਾਹੁਣ ਵਾਲੇ ਕਰਮ ਵਿਚ ਪੈਕੇ ਇਸ ਨਾਲ ਰੁੱਸਣਾ ਮਾਰਗ ਹੈ।

45.

**ਪਸ਼ੂ** ਦੀ ਮਤ ਵਾਂਙੂ ਨਹੀਂ ਜੋ ਬੇਵਸਾ ਅਪਣੀ ਚੰਗੀ ਲਗੀ ਵੱਲ ਉਠ ਦੌੜਦਾ ਹੈ, ਪਰ ਬੁੱਧੀ ਨਾਲ ਇਨ੍ਹਾਂ ਭੁਖਾਂ ਨੂੰ ਵਿਹਤ ਤਰੀਕੇ ਨਾਲ ਪੂਰਾ ਕਰੀਏ। ਬੁੱਧੀ ਨੂੰ ਪੁੱਛੋ, ਸਚ ਮੁਚ ਚੰਗਾ ਕੀ ਹੈ ਸੋ ਕਰੋ। ਫਿਰ ਨਾਮ ਜਪੋ।

 www.sikhbookclub.com

46.

**ਨਾਮ** ਨਾਲ ਅਨੇਕ ਚਿੰਤਨ ਤੋਂ ਇਕ ਚਿੰਤਨ ਵਿਚ, ਹਾਂ ਇਕ ਵਯਾਪਕ ਜਯੋਤਿ ਦੇ ਚਿੰਤਨ ਵਿਚ ਆ ਜਾਈਦਾ ਹੈ। ਇਹ 'ਇਕ ਚਿੰਤਨ' ਜਿਉਂ ਜਿਉਂ ਵਧੇਗਾ, ਸੱਤਯਾ ਵਧੇਗੀ, ਦ੍ਰਿਸ਼ਟੀ ਖੁੱਲ੍ਹੇਗੀ, ਪ੍ਰਤੀਤ ਹੋਵੇਗਾ ਕਿ ਸਿਮਰਣ ਦੇ ਮੂਲ ਦਾ ਅਰਥ ਹੈ ਯਾਦ ਕਰਨਾ, ਪ੍ਰਸੰਨ ਹੋਣਾ, ਪਯਾਰ ਕਰਨਾ। ਸਿਮਰਣ ਦਾ ਫਲ ਹੈ, ਬ੍ਰਿਤੀ ਦਾ ਉਦੇ ਹੋਣਾ, ਸਿਮਰਦੇ ਹਾਂ ਸਾਂਈਂ ਨੂੰ, ਉਸ ਨਾਲ ਪਯਾਰ ਉਪਜਦਾ ਹੈ, ਓਹ ਅਨੰਦ ਸਰੂਪ ਹੈ ਉਸਨੂੰ ਪਯਾਰ-ਬ੍ਰਿਤੀ ਨਾਲ ਸਿਮਰਿਆਂ ਆਨੰਦ ਆਉਂਦਾ ਹੈ।

47.

**ਫ਼ਕੀਰੀ** ਹੈ ਮਨ ਦਾ ਮੁੰਨਣਾ ਨਾ ਕਿ ਸਰੀਰ ਦਾ। ਮਨ ਦੇ ਮੁੰਨੇ ਬਿਨਾਂ ਫ਼ਕੀਰੀ ਦੀ ਜੁਗਤਿ ਪ੍ਰਾਪਤ ਨਹੀਂ ਹੁੰਦੀ। ਮਨ ਦੇ ਮੁੰਨੇ ਜਾਣ ਦੀ ਜੁਗਤਿ ਇਹ ਹੈ ਕਿ ਇਸ ਨੂੰ ਕੱਟ ਕੇ ਗੁਰੂ ਦੇ ਅੱਗੇ ਧਰ ਦੇਵੇ, ਅਰਥਾਤ ਆਪਣੀ ਮਨ ਦੀ ਮੱਤ ਤਾਂ ਸਾਰੀ ਤਿਆਗ ਦੇਵੇ ਤੇ ਗੁਰੂ ਦੀ ਮੱਤ ਨੂੰ ਆਪਣੀ ਬਣਾ ਲਵੇ।

48.

**ਇਹੋ** ਪੁਰਖ ਬੈਰਾਗੀ ਹੁੰਦਾ ਹੈ ਤੇ ਇਹੋ ਗੁਰੂ ਦੇ ਵਚਨਾਂ ਦਾ ਪਰਖਣਹਾਰ ਹੁੰਦਾ ਹੈ। ਗੁਰੂ ਦੀ ਮੱਤ ਤੇ ਟੁਰਕੇ ਜਦ ਉਹ ਆਪ ਸੁਖੀ ਹੋ ਜਾਂਦਾ ਹੈ ਤਾਂ ਹੋਰਨਾਂ ਲਈ ਬੀ ਸੁਖਦਾਈ ਹੋ ਜਾਂਦਾ ਹੈ। ਉਸ ਦੀ ਪਰਖਣਾ ਵਿਚ ਇਹ ਗੱਲ ਆ ਜਾਂਦੀ ਹੈ ਕਿ ਗੁਰੂ ਦੀ ਮੱਤ ਸਚ ਮੁੱਚ ਉੱਚੀ ਸ਼ੈ ਹੈ। **ਫਿਰ** ਉਹ ਗੁਰੂ ਮੱਤ ਪਰ ਟੁਰ ਕੇ, ਪਰਖਣਾ ਨਾਲ ਨਿਸਚੇ ਕਰਕੇ ਕਿ ਮੈਂ ਠੀਕ **ਰਾਹੇ** ਟੁਰ ਰਿਹਾ ਹਾਂ, ਗੁਰਮੁਖ ਹੋ ਜਾਂਦਾ ਹੈ। ਪਰ ਐਸਾ ਗੁਰਮੁਖ ਮਨ ਨੂੰ ਜਿੱਤ ਲੈਣ ਵਾਲਾ ਵਿਹਲਾ ਹੁੰਦਾ ਹੈ। ਗੁਰਮੁਖ ਆਪਣੀ ਹਉਂ ਤੇ ਖ਼ੁਦਗਰਜ਼ੀ ਦੇ ਭਰੇ 'ਮੈਂ' 'ਮੇਰੀ' ਵਾਲੇ ਵਿਤਕਰੇ ਵਾਲੇ ਰਸਾਂ ਤੋਂ ਉੱਚਾ ਹੋ ਜਾਂਦਾ ਹੈ।

49.

**ਅਗਯਾਨ** ਹਨੇਰਾ। ਗਯਾਨ ਚਾਨਣਾ ਹੈ, ਸੋ ਫ਼ਕੀਰ ਦਿਨ ਰਾਤ ਹਿਰਦੇ ਵਿਚ ਟਿਕੇ ਰਹਿਣ ਵਾਲਾ ਪੂਰਨ ਗਯਾਨ ਪੈਦਾ ਕਰੇ। ਅਗ, ਪੌਣ, ਪਾਣੀ ਦੇ ਜ਼ੋਰਾਂ ਹੇਠ ਧਰਤੀ ਉਤੇ ਬ੍ਰਿਛ ਵਾਂਙੂ ਉੱਗ ਕੇ ਖੜੇ ਰਹਿਣ ਤੇ ਸਹਿਨ

ਸਹਾਰਨ ਦੀ ਰੀਤਿ ਧਾਰਨ ਕਰੇ। ਕੋਈ ਕੱਟੇ, ਕੋਈ ਪੱਟੇ ਬ੍ਰਿੱਛ ਵਾਂਙੂ ਸਭ ਕੁਝ ਸਹਾਰੇ, ਪਰ ਰੋਸ ਨਾ ਕਰੇ, ਹਾਂ ਰੁੱਖਾਂ ਵਾਲੀ ਜੀਰਾਂਦ ਧਾਰਨ ਕਰੇ, ਸਹੇ ਪਰ ਆਪ ਕਿਸੇ ਦਾ ਬੁਰਾ ਨਾ ਕਰੇ। ਦਰਯਾਉ ਦੇ ਪਾਣੀ ਦੀ ਰੀਤਿ ਧਾਰਨ ਕਰੇ : ਕੋਈ ਪਿਆਰ ਨਾਲ ਜਲ ਲਵੇ, ਕੋਈ ਦੁਪ੍ਰਿਆਰ ਨਾਲ, ਉਹ ਨੇਕੀ ਹੀ ਕਰਦਾ ਤੁਰਿਆ ਜਾਂਦਾ ਹੈ। ਇਸ ਤਰ੍ਹਾ ਦਾ ਦਹੀ ਵਾਂਙੂ ਰਿੜਕੇ ਜਾਣ ਵਾਲਾ ਜੀਵਨ ਧਾਰਨ ਕਰਕੇ ਫੇਰ ਉਪਰਾਮ ਰਹੇ, ਤਾਂ ਸਹਜ ਵਿਚ ਉਸਦੇ ਪੈਰ ਟਿਕ ਜਾਣਗੇ, ਬ੍ਰਹਮ ਵਿਚ ਵਾਸਾ ਪਾਏਗਾ।

50.

**ਦਰਵੇਸ਼ੀ** ਗਾਖੜੀ ਸ਼ੈ ਹੈ। ਪਹਿਰਾਵਿਆਂ ਤੇ ਵੇਸਾਂ ਵਿਚ ਨਹੀਂ ਧਰੀ ਪਈ, ਜੀਉਂਦਾ ਮਰੇ, ਸੰਸਾਰ ਵਿਚ ਜੋ ਵੈਰ ਵਿਰੋਧ ਮੋਹ ਮਾਯਾ ਵਿਚ ਫਾਥਾ ਪਿਆ ਹੈ ਇਸ ਵਿਚੋਂ ਨਿਕਲੇ ਤੇ ਅੰਦਰਲੇ ਵਿਚ ਜੀਉ ਪਵੇ, ਫੇਰ ਜੋ ਵਿਸ਼ੇ ਵਿਕਾਰਾਂ ਵਿਚ ਮਨ ਜਾਗ ਰਿਹਾ ਹੈ ਇਸ ਨੂੰ ਸੁਆ ਦੇਵੇ। ਲੋਕ ਇਸ ਨੂੰ ਠੱਗਣ, ਮਾੜਾ ਮਾੜਾ ਸਲੂਕ ਕਰਨ ਪਰ ਇਹ ਸਿਰੇ ਨਾ ਆਵੇ, ਜਾਣ ਬੁੱਝ ਕੇ ਆਪਣੇ ਆਪ ਨੂੰ ਪਿਆ ਠਗਾਵੇ। ਅੰਦਰੋਂ ਬਾਹਰੋਂ ਸਾਫ਼ ਹੋਕੇ ਪਰਮੇਸ਼ਰ ਨੂੰ ਮਿਲੇ। ਹੇ ਪਰਮੇਸ਼ੁਰ! ਐਸਾ ਕੋਈ ਦਿਲੋਂ ਤੇਰੀਆਂ ਦਲ੍ਹੀਜਾਂ ਨਾਲ ਚੰਮੜ ਰਿਹਾ ਦਰਵੇਸ਼ ਹੋਵੇ ਤਾਂ ਜਗਤ ਨੂੰ ਠਾਰੇ, ਹਾਂ, ਜਿਸ ਨੂੰ ਖੁਸ਼ੀ ਨਹੀਂ, ਗ਼ਮੀ ਨਹੀਂ, ਗੁੱਸਾ ਨਹੀਂ, ਤਮਕ ਨਹੀਂ, ਖੁਦੀ ਨਹੀਂ, ਹਿਰਸ ਨਹੀਂ, ਹਾਂ ਜੋ ਲੋਹੇ ਤੇ ਮਿੱਟੀ ਨੂੰ ਇਕ ਤੁਲ ਜਾਣੇ, ਫੇਰ ਹੱਕ ਨਾਹੱਕ, ਹਲਾਲ ਤੇ ਹਰਾਮ ਦੀ ਸੋਝੀ ਰੱਖੇ, ਇਕ ਆਪਣੇ ਪਰਮੇਸ਼ੁਰ ਦੀ ਕਾਣ ਰੱਖੇ, ਹੋਰ ਕਿਸੇ ਕਾਣ ਹੇਠ ਨਾ ਰਹੇ, ਦਿਲ ਜੁੜਿਆ ਹੋਸੁ, ਅੰਦਰ ਦਾ ਕਵਲ ਪ੍ਰਕਾਸ਼ ਵਿਚ ਹੋਵੇ, ਦਸਮ ਦੁਆਰ ਵਿਚ ਟਿਕਾਉ ਰੱਖਦਾ ਹੋਵੇ ਤੇ ਸਾਈਂ ਦੇ ਨਾਦ ਦਾ ਮਹਿਰਮ ਹੋਵੇ, ਐਸੇ ਸਾਧੂ ਦੀ ਮਹਿਮਾਂ ਕੋਈ ਨਹੀਂ ਲਿਖ ਸਕਿਆ ਤੇ ਕੋਈ ਨਹੀਂ ਕਹਿ ਸਕਿਆ।

51.

**ਸਾਨੂੰ** ਇਕ ਰੱਬ ਦੀ ਮੰਗ ਹੈ, ਉਸਦੀ ਭੁੱਖ ਹੈ, ਉਸ ਦੀ ਲੋੜ ਹੈ ਹੋਰ ਭੁੱਖਾਂ ਮਰ ਗਈਆਂ ਹਨ, ਤਲਬ ਹੋਰ ਕੋਈ ਨਹੀਂ, ਇਕ ਮੌਲਾ ਦੇ ਦੀਦਾਰ ਦੀ ਤਲਬ ਹੈ।


www.sikhbookclub.com

52.

**ਕਰਮ** ਜੀਵ ਨੇ ਦੇਹ ਧਾਰ ਕੇ ਕੀਤੇ ਹੈਨ ਅਤੇ ਜੋ ਸ਼ੈ ਆਦਿ ਰਖਦੀ ਹੈ ਉਸ ਦਾ ਅੰਤ ਬੀ ਹੈ। ਸੋ ਕਰਮ ਮਿਟਦੇ ਬੀ ਹੈਨ, ਜਿਵੇਂ ਅੱਗ ਲਾਣ ਨਾਲ ਲੱਕੜਾਂ ਦੇ ਢੇਰ ਸੜ ਜਾਂਦੇ ਹਨ। ਤਿਵੇਂ ਸਾਈਂ ਪ੍ਰੇਮ ਨਾਲ ਕਰਮ। ਜੇ ਬੰਦਾ ਪਰਮੇਸ਼ੁਰ ਵਿਚ ਲਿਵ ਲਾਵੇ, ਅਪਣੇ ਧਿਆਨ ਵਿਚ ਕਰਤਾ ਪੁਰਖ ਨੂੰ ਰਖੇ ਤਾਂ ਅੰਦਰ ਪਈਆਂ ਕਰਮਾਂ ਦੀਆਂ ਸੰਸਕਾਰੀ ਰੇਖਾਂ ਧੋ ਹੋ ਜਾਂਦੀਆਂ ਹਨ। ਸੁਖ, ਦੁਖ, ਦੇਹ, ਜਨਮ ਮਰਨ ਕਰਮਾਂ ਅਨੁਸਾਰ ਹਨ, ਪਰ ਮੁਕਤੀ ਪਰਮੇਸ਼ੁਰ ਦੀ ਨਦਰ ਉਤੇ ਹੈ। ਨਦਰ ਉਨ੍ਹਾਂ ਤੇ ਹੁੰਦੀ ਹੈ ਜੋ ਨਦਰ ਨੂੰ ਖਿੱਚਦੇ ਹੈਨ। ਨਦਰ ਨੂੰ ਕੌਣ ਖਿੱਚ ਸਕਦਾ ਹੈ? ਜੋ ਨਦਰੀ ਨਾਲ ਪਿਆਰ ਕਰਦਾ ਹੈ, ਪ੍ਰੇਮ ਦੀ ਲਗਨ ਖਿੱਚ ਹੈ ਜੋ ਪ੍ਰੀਤਮ ਨੂੰ ਬੀ ਜਾ ਖਿੱਚਦੀ ਹੈ।

53.

**ਮਿਹਰ** ਉਸ ਦੀ ਸ੍ਵੈਛੰਦ ਵਿਚਰਦੀ ਹੈ, ਪਰ ਰਾਹ ਇਹ ਹੈ: ਕਰਤਾਰ ਦੀ ਯਾਦ ਵਿਚ ਰਹਿਣਾ, ਪਯਾਰ ਵਿਚ ਰਹਿਣਾ, ਜਗਤ ਵਿਚ ਲਗਦੇ ਤਾਣ ਸ਼ੁਭ ਕਰਮ ਕਰਨੇ, ਨੇਕੀ ਕਰਨੀ, ਭਲਿਆਈ ਵੰਡਣੀ, ਬਦੀ ਤੋਂ ਸੰਕੋਚਣਾ।

54.

**ਅੱਗ** ਤੋਂ ਦੂਰ ਗਿਆਂ ਪਾਲਾ ਲਗਦਾ ਹੈ। ਅੱਗ ਦੇ ਨੇੜੇ ਹੋਇਆਂ ਨਿੱਘ ਆਉਂਦੀ ਹੈ। ਪਰਮੇਸ਼ਵਰ ਤੋਂ ਮਾੜੇ ਕਰਮਾਂ ਨਾਲ ਤੇ ਭੁੱਲ ਨਾਲ ਵਿਛੁੜੀਦਾ ਹੈ, ਦੂਰ ਜਾ ਪਈਦਾ ਹੈ। ਭਲੇ ਕਰਕੇ ਤੇ ਯਾਦ ਕਰਕੇ ਨੇੜੇ ਹੋਈਦਾ ਹੈ। ਨੇੜੇ ਹੋਕੇ ਸੁਖੀ ਹੋਈਦਾ ਹੈ।

55.

**ਉਸ** ਦੀ ਯਾਦ ਦਾ ਅਭਯਾਸ ਉਸ ਦੇ ਨਾਮ ਨਾਲ ਕਰੀਦਾ ਹੈ। ਨਾਮ ਜਪੀਦਾ ਹੈ ਤੇ ਮਨ ਨੂੰ ਉਸਦੀ ਹਜ਼ੂਰੀ ਵਿਚ ਪ੍ਰਤੀਤ ਕਰਨ ਦੇ ਜਤਨ ਵਿਚ ਰਖੀਦਾ ਹੈ– **'ਹੈ ਹਜੂਰਿ ਹਾਜਰੁ ਅਰਦਾਸਿ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ॥'** (ਪੰਨਾ–੩੫੨)

56.

**ਜਦੋਂ** ਮਨ 'ਬੱਝ' ਦੇ ਘਰ ਜਾਂਦਾ ਹੈ ਤਦੋਂ ਪਹਿਲਾਂ ਕੋਈ ਕਾਰਣ ਵਰਤਦਾ ਹੈ। ਉਹ ਕਾਰਣ ਲੱਭੀਏ, ਉਸ ਕਾਰਣ ਦਾ ਹੀਜ ਪਿਆਜ ਫੋਲੀਏ ਤੇ ਪੜਤਾਲੀਏ। ਫੇਰ ਉਸਨੂੰ ਵੀਚਾਰ ਦੇ ਤੱਕੜ ਤੇ ਤੋਲੀਏ। ਠੀਕ ਤਰ੍ਹਾਂ ਤੋਲ ਚੁਕਿਆਂ ਹੀ ਕਈ ਵੇਰ ਬੱਝ ਦੂਰ ਹੋ ਜਾਂਦੀ ਹੈ। ਫੇਰ ਕੋਈ ਕਾਰਣ ਅਗੰਮ ਦਾ ਹੁੰਦਾ ਹੈ, ਪਰ ਹੁੰਦਾ ਅੰਦਰ ਹੀ ਹੈ। ਆਪਣੇ ਹੀ ਫੇੜਿਆਂ ਦੇ-ਕੋਈ ਭੁੱਲ ਗਏ, ਲੁਕ ਗਏ ਪਰ ਕੀਤੇ ਕਰਮਾਂ ਦੇ-ਨਿਸ਼ਾਨ ਅੰਦਰ ਹੁੰਦੇ ਹਨ, ਜੋ ਉਂਗਰ ਉਂਗਰ ਕੇ ਤੰਗ ਕਰਦੇ ਹਨ। ਕੀਤੇ ਕਰਮਾਂ ਦਾ ਹੀ ਦੁਖ ਸੁਖ ਹੁੰਦਾ ਹੈ, ਚਾਹੇ ਅਜ ਦੇ ਚਾਹੇ ਕਲ ਦੇ ਤੇ ਚਾਹੇ ਪਿਛਲੇ ਪਿਛਲੇਰੇ। ਏਦਾ ਦਾਰੂ ਹੈ ਨਾਮ, ਕੀਰਤਨ, ਬਾਣੀ ਦਾ ਪਾਠ, ਅਰਦਾਸ, ਸਤਿਸੰਗ, ਦਾਨ ਇਸ਼ਨਾਨ, ਸੁਹਣੇ ਸੁਹਾਵੇ ਨਦੀਆਂ, ਬਨਾਂ, ਨਹਿਰਾਂ, ਪਹਾੜਾਂ ਦੇ ਕੁਦਰਤੀ ਦਰਸ਼ਨ, ਅੰਮ੍ਰਿਤ ਵੇਲੇ ਦੇ ਨਾਦ, ਪੰਛੀਆਂ ਦੇ ਉਮਾਹ ਤੇ ਉਨ੍ਹਾਂ ਦੇ ਮਿੱਠੇ ਮਿੱਠੇ ਇਕ ਦੋ ਤ੍ਰੈ ਸੁਰੇ ਰਾਗ, ਇਸ਼ਨਾਨ। ਹਾਂ ਨਾਮ ਬਾਣੀ ਦਾ ਅਭਿਆਸ ਅਤੇ ਕਿਸੇ ਕੁਦਰਤੀ ਸੁੰਦਰਤਾ ਤੇ ਕੁਦਰਤ ਦੇ ਚਾਉ ਉਮਾਹ ਦੇ ਖੇੜੇ ਦੀ ਛੁਹ ਲੈ ਕੇ ਖਿੜ ਜਾਣਾ।

57.

**ਤੂੰ** ਕਿਤੋਂ ਅਨਾਦਰ ਲਿਆ ਹੈ। ਓਥੇ ਤੂੰ ਅਗੋਂ ਅਨਾਦਰ ਨਹੀਂ ਕੀਤਾ, ਪਰ 'ਹੋਊ ਪਰੇ' ਬੀ ਨਹੀਂ ਕਰ ਸਕਿਆ, ਸੋ ਤੇਰੇ ਅੰਦਰ 'ਨਾ ਜਰੀ ਜਾ ਸਕਣ ਵਾਲੀ ਤੇ 'ਨਾ ਸੱਟੀ ਜਾ ਸਕਣ ਵਾਲੀ' ਨਿਜ ਅਪਮਾਨ ਦੀ ਪੀੜਾ ਨੱਪੀ ਗਈ ਹੈ। ਫੇਰ ਤੇਰੇ ਮਨ ਨੇ ਇਸ 'ਕਾਰਣ ਵਲ' ਰੁਖ ਨਹੀਂ ਕੀਤਾ ਤੇ ਚੇਤੇ ਨੇ ਸਹਾਯਤਾ ਨਹੀਂ ਕੀਤੀ। ਸੋ ਮਲਕੜੇ ਤੇਰੇ ਨਾਮ ਵਾਲੀ ਖਿੜੀ ਸੁਰਤ ਦਬ ਗਈ ਹੈ ਤੇ ਨਾਲੇ ਹੀ ਖੇੜਾ ਟੁਰ ਗਿਆ ਹੈ।

58.

**ਤੂੰ** ਦੁੱਖ ਕਿਉਂ ਮੰਨਿਆ। ਦੁਖ ਅੰਦਰ ਵੜਿਆ ਤਾਂ 'ਬੱਝ' ਪਈ, 'ਬੱਝ' ਪਈ ਤਾਂ ਨਾਮ ਗਿਆ, ਨਾਮ ਗਿਆ ਤਾਂ ਖੇੜਾ ਗਿਆ, ਖੇੜਾ ਗਿਆ ਤਾਂ ਜੀਵਨ ਕੀ ਰਹਿ ਗਿਆ? ਨਿਰਾ ਬਲਣਾ। ਜਿਵੇਂ ਚੁਲ੍ਹੇ ਵਿਚ ਬਾਲਣ ਦੇ

 www.sikhbookclub.com

ਬਲਣ ਦੀ ਕ੍ਰਿਆ ਹੋ ਰਹੀ ਹੈ ਤਿਵੇਂ ਸਰੀਰ ਵਿਚ ਅੰਨ ਦੇ ਬਲਣ ਦੀ ਕ੍ਰਿਯਾ ਹੈ। ਨਿਰਾ ਬਲਣਾ ਧਰਤੀ ਦੇ ਅੰਦਰ ਹੋ ਰਿਹਾ ਹੈ।

59.

**ਸੁਹਾਣ** ਤੇਰੀ ਮਿਹਰ ਦੇ। **'ਸਤਿ ਸੁਹਾਣ ਸਦਾ ਮਨਿ ਚਾਉ'** ਤੁਸਾਂ ਕਿੰਨੀ ਵੇਰੀ ਫੁਰਮਾਇਆ ਹੈ, ਪਰ ਅੱਲ੍ਹੜ ਦੇ ਲੜ ਨਹੀਂ ਬੱਝਦਾ ਇਹ ਨੁਕਤਾ।

60.

**ਸੁਰਤੇ** ਪੁਰਖ ਨਾਮ ਵਿਚ ਜੀਉਂਦੇ ਹਨ। ਉਨ੍ਹਾਂ ਦੇ ਅੰਦਰ ਅਪਣੇ ਨਾਮ ਰੰਗ ਨਾਲ ਚਾਉ ਉਪਜਦਾ ਹੈ। ਇਹ ਚਾਉ ਜਰਨਾ ਕਠਨ ਹੈ, ਅਜਰ ਵਸਤੂ ਹੈ। ਨਾ ਜਰ ਸਕਣ ਕਰਕੇ ਭੁੱਲਾਂ ਹੋ ਜਾਂਦੀਆਂ ਹਨ। ਭੁੱਲਾਂ ਦਾ ਫਲ 'ਬੱਝ' ਆ ਜਾਂਦੀ ਹੈ। ਅੰਦਰ ਘੁੱਟ ਹੋ ਜਾਂਦਾ ਹੈ। ਨੱਪੇ ਆਵੇ ਵਾਂਙੂ ਘੁੱਟਿਆ ਮਨ ਆਪੇ ਨੂੰ ਖਾਂਦਾ ਹੈ। ਜਦੋਂ ਸੁਰਤੇ ਪੁਰਖਾਂ ਦੀ 'ਬੱਝ' ਖੁੱਲ੍ਹੇ, ਨਾਮ ਦੀ ਅਮਰੀ ਰੌ ਰੁਮਕੇ ਤੇ ਖੇੜੇ ਨੂੰ ਮੋੜੇ ਪੈਣ, ਉਸ ਵੇਲੇ ਮਰਦਾਨਿਆਂ! ਸੁਰਤ ਮਾਨੋਂ ਪਰਬਤਾਂ ਦੇ ਭਾਰ ਹੇਠੋਂ ਨਿਕਲਦੀ ਹੈ ਤੇ ਸੁਖ ਦੇ ਸਾਹ ਲੈਂਦੀ ਹੈ। ਓਹ ਠੰਢੇ ਸਾਹ ਸੁੱਖ ਦੇ ਤੇ ਮੁੜਕੇ ਠੰਢ ਵਰਤਣ ਦੇ ਸਾਹ ਹੁੰਦੇ ਹਨ, ਓਹ ਅੰਦਰ ਸਹੂਲਤ ਵਰਤਾਉਂਦੇ ਹਨ ਤੇ ਉਨ੍ਹਾਂ ਦੇ ਨਾਲ ਨਾਲ ਫੇਰ ਖੇੜੇ ਦੇ ਜੀਵਨ ਦੀ ਰੌ ਸਾਫ ਟੁਰ ਪੈਂਦੀ ਹੈ। ਸਾਵਧਾਨ ਰਿਹਾ ਕਰ।

61.

**ਇਕ** ਪਲ ਲਈ ਹੋੜਦੇ ਫੁਰਨੇ ਨੂੰ, ਆ ਜਾ ਸਿਮਰਣ ਦੇ ਘਰ, ਤੱਕ ਅੰਦਰ ਨੂੰ ਫੁਰਨਾ ਰੋਕ, ਲੈ ਨਾਮ ਸਾਈਂ ਦਾ। ਪ੍ਰਤੀਤ ਕਰ ਕਿ ਉਸ ਨਾਲ ਲੱਗ ਰਿਹਾ ਹਾਂ ਜਿਸ ਦਾ ਨਾਮ ਰਸਨਾ ਪਰ ਹੈ। ਅਪਣੇ ਅੰਦਰ ਆ ਜਾ, ਇਕ ਦਮ ਲਈ ਹੀ ਆ ਜਾ, ਹਾਂ ਟਿਕ ਜਾ, ਆਪੇ ਵਿਚ। ਦੇਖ ਹੁਣ ਜੋ ਤੂੰ 'ਹੈਂ' ਮਾਤ੍ਰ ਹੈਂ, ਸੋ ਸਾਈਂ ਦੀ 'ਹੈਂ' ਨਾਲ ਲਗ ਰਿਹਾ ਹੈਂ। ਇਸ ਰੰਗ ਵਿਚ ਰਹਿਣ ਦੇਹ ਆਪ ਨੂੰ, ਸੋਚਾਂ ਨੂੰ ਹੋੜ ਦੇਹ, ਹੰਭਲਾ ਮਾਰ, ਰਾਤ ਆਪੇ ਬੀਤ ਜਾਏਗੀ। ਇਹ ਹੈ 'ਮੇਲਾ' ਇਹ ਹੈ 'ਜੋਗ ਸਾਈਂ ਨਾਲ', ਇਹ ਹੈ 'ਸਿਦਕ ਯਕੀਨ ਰੱਬ ਵਿਚ'-'ਗਲ ਚੰਬੜ ਸਾਈਂ ਜੀ ਨਾਲ'।

 www.sikhbookclub.com

62.

**ਕਦੇ** ਤਾਂ ਫਿਕਰ ਛੱਡਕੇ ਟਿਕਾਉ ਦੇ ਘਰ ਆਕੇ ਦੇਖ ਕਿ ਕਾਦਰ ਦੀ ਕੁਦਰਤ ਕੀਹ ਕਰਦੀ ਹੈ। ਤੂੰ ਫਿਕਰ ਕਰੇਂਗਾ ਤਾਂ ਕਰ, ਮਨਾਂ ਨਹੀਂ, ਪਰ ਨਾਲ ਅਕਲ ਦੁੜਾ ਤੇ ਬੰਦੋਬਸਤ ਕਰ। ਪਰ ਇਕ ਤਾਂ ਨਾਮ ਨਾ ਛੱਡੀਂ, ਦੂਏ ਤੇਰੀਆਂ ਕੀਤੀਆਂ ਨਾ ਸਿਰੇ ਚੜ੍ਹੀਆਂ ਤਾਂ ਉਨ੍ਹਾਂ ਦਾ ਦੁੱਖ ਨਾ ਕਰੀਂ; ਤਾਂ ਤਾਂ ਖੇੜਾ ਮਾੜਾ ਮੋਟਾ ਬਚਿਆ ਰਹੂ। ਜੇ ਤੂੰ ਸਿਰੇ ਚੜ੍ਹੀਆਂ ਤੇ ਬਫਾਹਿਓਂ, ਹੰਕਾਰਿਓਂ ਤੇ ਪਾਟਿਓਂ ਤਾਂ ਖੇੜਾ ਟੁਰ ਜਾਏਗਾ; ਨਾਮ ਦੀ ਰੌ ਬੰਦ ਹੋ ਜਾਏਗੀ ਜਾਂ ਅਤਿ ਮੱਧਮ ਪੈ ਜਾਏਗੀ, ਫੇਰ ਸੁਰਤ ਵਿਚ 'ਬੱਝ' ਆ ਜਾਏਗੀ। ਤਦੋਂ ਤੂੰ ਦੁਖੀ ਹੋ ਆਖੇਂਗਾ, ਦੁੱਖਾਂ ਵਿਚ ਬੀਤ ਗਈ ਸਾਰੀ, ਦਿਨੇ ਦੁੱਖ, ਰਾਤੀ ਦੁਖ, ਸੰਸਾਰ ਦੁੱਖ ਰੂਪ ਹੈ। ਕਿਉਂ ਦੁੱਖ ਹੈ ਏਥੇ? ਹਾਇ ਦੁੱਖ।

63.

**ਮਰਦਾਨਾ**: ਜੋ ਲੋੜ ਕਿ ਥੋੜ ਆ ਜਾਂਦੀ ਹੈ ਕਿ ਓਹ ਪੂਰੀ ਆਪੇ ਹੋ ਜਾਏਗੀ?
ਗੁਰੂ ਜੀ: ਹੋ ਜਾਂਦੀ ਹੈ ਬਹੁਤੀ ਵੇਰ। ਪਰ ਜੇ ਨਾ ਹੋਵੇ ਤਾਂ ਸੁਰਤ ਦਾ (ਰੂਹਾਨੀ) ਖੇੜਾ ਤਾਂ ਬਚ ਰਹਿੰਦਾ ਹੈ, ਨਾਮ ਤੇ ਸੁਰਤ ਦੀ ਤਾਰ ਤਾਂ ਤੁਰੀ ਰਹਿੰਦੀ ਹੈ ਨਾ।

64.

**ਉਦਮ** ਤੇ ਅਕਲ ਮਾੜੇ ਨਹੀਂ, ਖੇੜਾ ਗੁਵਾ ਲੈਣਾ ਮਾੜਾ ਹੈ। ਹੁਣ ਹੋਰ ਕੋਈ ਅਕਲ ਉਦਮ ਚਲਦਾ ਹੈ ਤਾਂ ਲਾ, ਪਰ ਖੇੜਾ ਸੰਭਾਲੀਂ। ਜੇ ਖੇੜਾ ਨਾ ਗੁਆਚਾ ਤਾਂ ਤੂੰ ਜੀਉਂਦਾ ਹੈਂ ਅਮਰੀ ਜੀਵਨ ਵਿਚ। ਡੂੰਘੀ ਸੋਚ ਕਰ ਕਿ ਜਿਸ ਜੀਵਨ ਨੂੰ ਤੂੰ ਪਿਆ ਚੰਬੜ ਰਿਹਾ ਹੈਂ ਉਸਨੇ ਨਹੀਂ ਰਹਿਣਾ, ਪਰ ਖੇੜੇ ਦਾ ਜੀਵਨ, ਜੋ ਅਮਰ ਜੀਵਨ ਹੈ, ਉਹ ਰਹੇਗਾ। ਜੇ ਅਕਲ ਤੇ ਉੱਦਮ ਦੀ ਦੌੜ ਮੁਕ ਗਈ ਹਈ ਤਾਂ ਨਾਮ ਨੂੰ ਸੰਭਾਲ, ਖੇੜੇ ਦੇ ਘਰ ਖਿੜ ਕੇ ਬਹਿ ਜਾ ਆਰਾਮ ਨਾਲ।' ਹਰਿ ਸਿਉਂ ਸਮਾਈ ਕਰ ਅੰਦਰ।' ਅੰਤਰ ਸਮਾਈ ਨਾਲ ਆਪਾ ਸੁਤੇ ਹੀ ਮਾਲਕ ਦੀ ਛੁਹ ਵਿਚ ਚਲਾ ਜਾਂਦਾ ਹੈ। ਬਹਿ ਜਾ ਏਸ ਮੌਜ ਵਿਚ। ਦੇਖ ਕਿ ਰਾਤ ਅੱਗੇ ਆ ਰਹੀ ਹੈ, ਕੁਛ ਖਾਣ ਨੂੰ ਆ ਗਿਆ ਤਾਂ ਸਾਈਂ ਦੀ ਮਿਹਰ, ਜੇ ਨਾ ਆਇਆ ਤਾਂ ਇਸ ਰੰਗ


www.sikhbookclub.com

ਬੈਠਾ ਰਹੁ, ਸਾਈਂ ਨਾਲੋਂ ਸਾਕਤ ਤਾਂ ਨਾ ਹੋਵੇਂਗਾ, ਇਕ ਸ਼ੈ ਤੇ ਅਮੋਲਕ ਸ਼ੈ ਤਾਂ ਪੱਲੇ ਰਹਿ ਜਾਏਗੀ ਨਾ।

65.

**ਪਹਿਲਾਂ** ਸਤਿਗੁਰ ਮਿਲੇ, ਫਿਰ ਸ਼ੱਕ ਸ਼ੁਭੇ ਦੂਰ ਹੋਣ, ਮਨ ਧਾਂਵਦੇ ਨੂੰ ਬੰਨ੍ਹ ਬੰਨ੍ਹ ਰਖੀਏ ਤੇ ਮਨ ਦੇ ਵਿਚ ਹੀ ਮਨ ਨਾਲ ਪਰਚਾ ਪਾਈਏ ਕਿ ਮਨ ਨਾਮ ਜਪੇ, ਅਰਥਾਤ ਨਾਮ ਜਪਦਿਆਂ ਜੇ ਮਨ ਭੱਜੇ ਤਾਂ ਮਨ ਹੀ ਹੋਵੇ ਰੋਕਣ ਵਾਲਾ। ਜੇ ਮਨ ਟਿਕੇ ਤਾਂ ਮਨ ਹੀ ਹੋਵੇ ਪਤੀਜਕੇ ਸੁਖੀ ਹੋਣ ਵਾਲਾ, ਫੇਰ ਅੰਮ੍ਰਿਤ ਦੇਂਦਾ ਹੈ। ਉਹ ਇਸ ਤਰ੍ਹਾਂ ਕਿ ਸਹਿਜ ਦੀ ਸਮਾਧੀ ਲਗ ਜਾਂਦੀ ਹੈ ਜੋ ਰਸ ਰੂਪ ਹੁੰਦੀ ਹੈ। ਹਠ ਦੀ ਸਮਾਧੀ ਨਹੀਂ ਪਰ ਸਹਿਜ ਦੀ ਸਮਾਧੀ, ਅਰਥਾਤ ਉਠਦੇ ਬਹਿੰਦੇ ਟੁਰਦੇ ਫਿਰਦੇ ਗ੍ਰਿਹਸਤ ਦੇ ਵਿਚ ਹੀ ਮਨ ਸੁਤੇ ਸਿਧ ਸਾਈਂ ਵਿਚ ਲਿਵ ਲਾਈ ਰੱਖੇ ਤੇ ਆਤਮ ਖੇੜੇ ਵਿਚ ਰਹੇ।

66.

**ਕਈ** ਲੋਕ ਫਿਰ ਪੈਸਿਆਂ ਤੋਂ ਬੁਲਾਰੇ ਚੇਲੇ ਰਖਦੇ ਹਨ ਜੋ ਲੋਕਾਂ ਵਿਚ ਕਰਾਮਾਤਾਂ ਦਾ ਰੌਲਾ ਪਾਉਂਦੇ ਹਨ ਤੇ ਭੋਲੇ ਲੋਕਾਂ ਨੂੰ ਫਸਾਉਂਦੇ ਹਨ। ਅਤੇ ਕਈ ਵੇਰ ਜੋਗੀਆਂ ਦੇ ਉਪਰ ਦੱਸੇ ਕਪਟ ਵਾਂਙੂ ਕਈ ਤਰ੍ਹਾਂ ਦੀਆਂ ਬਨਾਵਟਾਂ ਤੇ ਓਹ ਗਲਾਂ ਵਰਤਦੇ ਹਨ ਜੋ ਜਾਦੂ ਦੇ ਤਮਾਸ਼ਿਆਂ ਵਾਲੇ ਹਥ ਨਾਟਕਾਂ ਤੇ ਚਲਾਕੀਆਂ ਨਾਲ ਕਰਕੇ ਦਿਖਾਲਦੇ ਹਨ। ਮਾਯਾ ਡਾਢੀ ਹੈ, ਮੋਖ ਦੀ ਇੱਛਾ ਵਾਲੇ ਸਾਧਕ, ਸੰਤ, ਜੱਗਯਾਸੂ, ਮਹਾਤਮਾ ਕਦੇ ਏਸ ਰਸਤੇ ਨਾ ਪੈਣ। ਸਾਈਂ ਨਾਲ ਲਿਵ ਲੱਗੇ, ਜੀਵਨ ਦੇ ਅਮਲ ਸਚ ਪਰ ਟਿਕਣ, ਫਿਰ ਜੋ ਕਰਤਾਰ ਕਰੇ ਸੋ ਹੋਵੇ। ਸਾਧਕ ਪੁਰਖ ਅਪਣੇ ਨਾਮ ਰੰਗ ਵਿਚ ਰਹੇ, ਕਿਸੇ ਦੇ ਭਲੇ ਲਈ ਕਰਤਾਰ ਆਪ ਇਸ ਵਿਚ ਹੋਕੇ ਕੁਛ ਕੌਤਕ ਕਰੇ ਤਾਂ ਹੰਕਾਰ ਨਾ ਕਰੇ, ਸਗੋਂ ਡਰੇ ਕਿ ਇਹ ਕੌਤਕ ਕਿਤੇ ਮੈਨੂੰ ਹੋਰ ਵਡੀ ਹਉਮੈਂ ਵਿਚ ਨਾ ਫਸਾ ਦੇਵੇ। ਆਪ ਨਾਮ ਜਪੇ। ਜੇ ਹੋਰਨਾਂ ਨੂੰ ਜਪਾਵੇ ਤਾਂ ਹੁਕਮ ਸਮਝਕੇ, ਹੁਕਮ ਹੋਣ ਤੇ ਜਪਾਵੇ, ਕਰਾਮਾਤ ਦੀ ਇੱਛਾ ਵਿਚ ਕਿ ਦਿਖਾਵੇ ਵਿਚ ਕਦੇ ਨਾ ਪਏ। ਜਗਤ ਵਿਚ ਜੋਗੀਆਂ ਦੇ ਉਪਰ ਕਹੇ ਹਾਲ ਵਾਂਙੂ ਅਜਕਲ ਬੀ ਕਈ ਪਖੰਡ ਹੋ ਰਹੇ ਹਨ, ਜੱਗਯਾਸੂਆਂ ਨੂੰ ਸਮਝਕੇ ਟੁਰਨਾ ਚਾਹੀਏ।

 www.sikhbookclub.com

62.

**ਕਦੇ** ਤਾਂ ਫਿਕਰ ਛੱਡਕੇ ਟਿਕਾਉ ਦੇ ਘਰ ਆਕੇ ਦੇਖ ਕਿ ਕਾਦਰ ਦੀ ਕੁਦਰਤ ਕੀਹ ਕਰਦੀ ਹੈ। ਤੂੰ ਫਿਕਰ ਕਰੇਂਗਾ ਤਾਂ ਕਰ, ਮਨਾਂ ਨਹੀਂ, ਪਰ ਨਾਲ ਅਕਲ ਦੁੜਾ ਤੇ ਬੰਦੋਬਸਤ ਕਰ। ਪਰ ਇਕ ਤਾਂ ਨਾਮ ਨਾ ਛੱਡੀਂ, ਦੂਏ ਤੇਰੀਆਂ ਕੀਤੀਆਂ ਨਾ ਸਿਰੇ ਚੜ੍ਹੀਆਂ ਤਾਂ ਉਨ੍ਹਾਂ ਦਾ ਦੁੱਖ ਨਾ ਕਰੀਂ; ਤਾਂ ਤਾਂ ਖੇੜਾ ਮਾੜਾ ਮੋਟਾ ਬਚਿਆ ਰਹੂ। ਜੇ ਤੂੰ ਸਿਰੇ ਚੜ੍ਹੀਆਂ ਤੇ ਬਫਾਹਿਓਂ, ਹੰਕਾਰਿਓਂ ਤੇ ਪਾਟਿਓਂ ਤਾਂ ਖੇੜਾ ਟੁਰ ਜਾਏਗਾ; ਨਾਮ ਦੀ ਰੌ ਬੰਦ ਹੋ ਜਾਏਗੀ ਜਾਂ ਅਤਿ ਮੱਧਮ ਪੈ ਜਾਏਗੀ, ਫੇਰ ਸੁਰਤ ਵਿਚ 'ਬੱਝ' ਆ ਜਾਏਗੀ। ਤਦੋਂ ਤੂੰ ਦੁਖੀ ਹੋ ਆਖੇਂਗਾ, ਦੁੱਖਾਂ ਵਿਚ ਬੀਤ ਗਈ ਸਾਰੀ, ਦਿਨੇ ਦੁੱਖ, ਰਾਤੀ ਦੁਖ, ਸੰਸਾਰ ਦੁੱਖ ਰੂਪ ਹੈ। ਕਿਉਂ ਦੁੱਖ ਹੈ ਏਥੇ? ਹਾਇ ਦੁੱਖ।

63.

**ਮਰਦਾਨਾ**: ਜੋ ਲੋੜ ਕਿ ਥੋੜ ਆ ਜਾਂਦੀ ਹੈ ਕਿ ਓਹ ਪੂਰੀ ਆਪੇ ਹੋ ਜਾਏਗੀ?
ਗੁਰੂ ਜੀ: ਹੋ ਜਾਂਦੀ ਹੈ ਬਹੁਤੀ ਵੇਰ। ਪਰ ਜੇ ਨਾ ਹੋਵੇ ਤਾਂ ਸੁਰਤ ਦਾ (ਰੂਹਾਨੀ) ਖੇੜਾ ਤਾਂ ਬਚ ਰਹਿੰਦਾ ਹੈ, ਨਾਮ ਤੇ ਸੁਰਤ ਦੀ ਤਾਰ ਤਾਂ ਤੁਰੀ ਰਹਿੰਦੀ ਹੈ ਨਾ।

64.

**ਉਦਮ** ਤੇ ਅਕਲ ਮਾੜੇ ਨਹੀਂ, ਖੇੜਾ ਗੁਵਾ ਲੈਣਾ ਮਾੜਾ ਹੈ। ਹੁਣ ਹੋਰ ਕੋਈ ਅਕਲ ਉਦਮ ਚਲਦਾ ਹੈ ਤਾਂ ਲਾ, ਪਰ ਖੇੜਾ ਸੰਭਾਲੀਂ। ਜੇ ਖੇੜਾ ਨਾ ਗੁਆਚਾ ਤਾਂ ਤੂੰ ਜੀਉਂਦਾ ਹੈਂ ਅਮਰੀ ਜੀਵਨ ਵਿਚ। ਡੂੰਘੀ ਸੋਚ ਕਰ ਕਿ ਜਿਸ ਜੀਵਨ ਨੂੰ ਤੂੰ ਪਿਆ ਚੰਬੜ ਰਿਹਾ ਹੈਂ ਉਸਨੇ ਨਹੀਂ ਰਹਿਣਾ, ਪਰ ਖੇੜੇ ਦਾ ਜੀਵਨ, ਜੋ ਅਮਰ ਜੀਵਨ ਹੈ, ਉਹ ਰਹੇਗਾ। ਜੇ ਅਕਲ ਤੇ ਉੱਦਮ ਦੀ ਦੌੜ ਮੁਕ ਗਈ ਹਈ ਤਾਂ ਨਾਮ ਨੂੰ ਸੰਭਾਲ, ਖੇੜੇ ਦੇ ਘਰ ਖਿੜ ਕੇ ਬਹਿ ਜਾ ਆਰਾਮ ਨਾਲ।' ਹਰਿ ਸਿਉਂ ਸਮਾਈ ਕਰ ਅੰਦਰ।' ਅੰਤਰ ਸਮਾਈ ਨਾਲ ਆਪਾ ਸੁਤੇ ਹੀ ਮਾਲਕ ਦੀ ਛੁਹ ਵਿਚ ਚਲਾ ਜਾਂਦਾ ਹੈ। ਬਹਿ ਜਾ ਏਸ ਮੌਜ ਵਿਚ। ਦੇਖ ਕਿ ਰਾਤ ਅੱਗੇ ਆ ਰਹੀ ਹੈ, ਕੁਛ ਖਾਣ ਨੂੰ ਆ ਗਿਆ ਤਾਂ ਸਾਈਂ ਦੀ ਮਿਹਰ, ਜੇ ਨਾ ਆਇਆ ਤਾਂ ਇਸ ਰੰਗ

ਬੈਠਾ ਰਹੁ, ਸਾਈਂ ਨਾਲੋਂ ਸਾਕਤ ਤਾਂ ਨਾ ਹੋਵੇਂਗਾ, ਇਕ ਸ਼ੈ ਤੇ ਅਮੋਲਕ ਸ਼ੈ ਤਾਂ ਪੱਲੇ ਰਹਿ ਜਾਏਗੀ ਨਾ।

65.

**ਪਹਿਲਾਂ** ਸਤਿਗੁਰ ਮਿਲੇ, ਫਿਰ ਸ਼ੱਕ ਸ਼ੁਭੇ ਦੂਰ ਹੋਣ, ਮਨ ਧਾਂਵਦੇ ਨੂੰ ਬੰਨ੍ਹ ਬੰਨ੍ਹ ਰਖੀਏ ਤੇ ਮਨ ਦੇ ਵਿਚ ਹੀ ਮਨ ਨਾਲ ਪਰਚਾ ਪਾਈਏ ਕਿ ਮਨ ਨਾਮ ਜਪੇ, ਅਰਥਾਤ ਨਾਮ ਜਪਦਿਆਂ ਜੇ ਮਨ ਭੱਜੇ ਤਾਂ ਮਨ ਹੀ ਹੋਵੇ ਰੋਕਣ ਵਾਲਾ। ਜੇ ਮਨ ਟਿਕੇ ਤਾਂ ਮਨ ਹੀ ਹੋਵੇ ਪਤੀਜਕੇ ਸੁਖੀ ਹੋਣ ਵਾਲਾ, ਫੇਰ ਅੰਮ੍ਰਿਤ ਦੇਂਦਾ ਹੈ। ਉਹ ਇਸ ਤਰ੍ਹਾਂ ਕਿ ਸਹਿਜ ਦੀ ਸਮਾਧੀ ਲਗ ਜਾਂਦੀ ਹੈ ਜੋ ਰਸ ਰੂਪ ਹੁੰਦੀ ਹੈ। ਹਠ ਦੀ ਸਮਾਧੀ ਨਹੀਂ ਪਰ ਸਹਿਜ ਦੀ ਸਮਾਧੀ, ਅਰਥਾਤ ਉਠਦੇ ਬਹਿੰਦੇ ਟੁਰਦੇ ਫਿਰਦੇ ਗ੍ਰਿਹਸਤ ਦੇ ਵਿਚ ਹੀ ਮਨ ਸੁਤੇ ਸਿਧ ਸਾਈਂ ਵਿਚ ਲਿਵ ਲਾਈ ਰੱਖੇ ਤੇ ਆਤਮ ਖੇੜੇ ਵਿਚ ਰਹੇ।

66.

**ਕਈ** ਲੋਕ ਫਿਰ ਪੈਸਿਆਂ ਤੋਂ ਬੁਲਾਰੇ ਚੇਲੇ ਰਖਦੇ ਹਨ ਜੋ ਲੋਕਾਂ ਵਿਚ ਕਰਾਮਾਤਾਂ ਦਾ ਰੌਲਾ ਪਾਉਂਦੇ ਹਨ ਤੇ ਭੋਲੇ ਲੋਕਾਂ ਨੂੰ ਫਸਾਉਂਦੇ ਹਨ। ਅਤੇ ਕਈ ਵੇਰ ਜੋਗੀਆਂ ਦੇ ਉਪਰ ਦੱਸੇ ਕਪਟ ਵਾਂਙੂ ਕਈ ਤਰ੍ਹਾਂ ਦੀਆਂ ਬਨਾਵਟਾਂ ਤੇ ਓਹ ਗਲਾਂ ਵਰਤਦੇ ਹਨ ਜੋ ਜਾਦੂ ਦੇ ਤਮਾਸ਼ਿਆਂ ਵਾਲੇ ਹਥ ਨਾਟਕਾਂ ਤੇ ਚਲਾਕੀਆਂ ਨਾਲ ਕਰਕੇ ਦਿਖਾਲਦੇ ਹਨ। ਮਾਯਾ ਡਾਢੀ ਹੈ, ਮੋਖ ਦੀ ਇੱਛਾ ਵਾਲੇ ਸਾਧਕ, ਸੰਤ, ਜੱਗਯਾਸੂ, ਮਹਾਤਮਾ ਕਦੇ ਏਸ ਰਸਤੇ ਨਾ ਪੈਣ। ਸਾਈਂ ਨਾਲ ਲਿਵ ਲੱਗੇ, ਜੀਵਨ ਦੇ ਅਮਲ ਸਚ ਪਰ ਟਿਕਣ, ਫਿਰ ਜੋ ਕਰਤਾਰ ਕਰੇ ਸੋ ਹੋਵੇ। ਸਾਧਕ ਪੁਰਖ ਅਪਣੇ ਨਾਮ ਰੰਗ ਵਿਚ ਰਹੇ, ਕਿਸੇ ਦੇ ਭਲੇ ਲਈ ਕਰਤਾਰ ਆਪ ਇਸ ਵਿਚ ਹੋਕੇ ਕੁਛ ਕੌਤਕ ਕਰੇ ਤਾਂ ਹੰਕਾਰ ਨਾ ਕਰੇ, ਸਗੋਂ ਡਰੇ ਕਿ ਇਹ ਕੌਤਕ ਕਿਤੇ ਮੈਨੂੰ ਹੋਰ ਵਡੀ ਹਉਮੈਂ ਵਿਚ ਨਾ ਫਸਾ ਦੇਵੇ। ਆਪ ਨਾਮ ਜਪੇ। ਜੋ ਹੋਰਨਾਂ ਨੂੰ ਜਪਾਵੇ ਤਾਂ ਹੁਕਮ ਸਮਝਕੇ, ਹੁਕਮ ਹੋਣ ਤੇ ਜਪਾਵੇ, ਕਰਾਮਾਤ ਦੀ ਇੱਛਾ ਵਿਚ ਕਿ ਦਿਖਾਵੇ ਵਿਚ ਕਦੇ ਨਾ ਪਏ। ਜਗਤ ਵਿਚ ਜੋਗੀਆਂ ਦੇ ਉਪਰ ਕਹੇ ਹਾਲ ਵਾਂਙੂ ਅਜਕਲ ਬੀ ਕਈ ਪਖੰਡ ਹੋ ਰਹੇ ਹਨ, ਜੱਗਯਾਸੂਆਂ ਨੂੰ ਸਮਝਕੇ ਟੁਰਨਾ ਚਾਹੀਏ।

67.

**ਇਹ** ਪੂਰਨ ਅਨਭਉ ਹੈ, ਜਦੋਂ ਦਿੱਸਦੇ ਵੱਸਦੇ ਜਗਤ ਤੋਂ ਧਿਆਨ ਉੱਠਕੇ ਵਿਸਮਾਦ ਦੇ ਘਰ ਚੜ੍ਹਦਾ ਹੈ, ਆਪਾ ਆਪੇ ਵਿਚ ਆਉਂਦਾ, ਲੀਨ ਹੁੰਦਾ ਤੇ ਆਪੇ ਵਿਚ ਜਗਾਦਾ ਹੈ; ਝਲਕਾ ਅਨੰਤ ਅਪਾਰ ਦਾ ਵਜਦਾ ਹੈ, ਤਦੋਂ ਹੱਦਾਂ ਬੰਨੇ ਹੇਠ ਰਹਿ ਜਾਂਦੇ ਹਨ। ਇਹ ਝਲਕਾ ਮਨ ਪਰ ਇਕ ਅਸਰ ਛਡ ਜਾਦਾ ਹੈ, ਜਿਸ ਨਾਲ ਟੁਰਦੇ, ਫਿਰਦੇ, ਵਸਦੇ ਜਗਤ ਵਿਚ ਵਾਹਿਗੁਰੂ, ਕਰਤਾਰ, ਨਿਰੰਕਾਰ, ਧੰਨ ਨਿਰੰਕਾਰ ਦਾ ਜਲਵਾ ਆਪਾ ਅਨਭਉ ਕਰਾਉਂਦਾ ਰਹਿੰਦਾ ਹੈ। ਫੇਰ ਜੀਵ ਦਿੱਸਦੇ ਨੂੰ ਵੇਖਕੇ ਭੁੱਲਦਾ ਨਹੀ, ਦਿੱਸਦਾ ਹੈ, ਵਿੱਚ ਵਸਦਾ ਕਰਤਾਰ ਦਿੱਸਦਾ ਹੈ। **'ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ'** ਤੇ ਦੇਖਣਹਾਰ ਉਸ 'ਵਿਚ ਵਸਦੇ' ਪਿਆਰ ਤੋਂ ਬਲਿਹਾਰ ਹੁੰਦਾ ਹੈ : **'ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ॥'**

68.

**ਇੰਦ੍ਰਿਆਂ** ਨੂੰ ਵਿਕਾਰਾਂ ਤੋਂ ਰੋਕਣਾ ਹੈ, ਮਨ ਨੂੰ ਨੀਵਿਆਂ ਖਿਆਲਾਂ ਵਿਚ ਨਹੀਂ ਜਾਣ ਦੇਣਾ। ਸਭ ਅਵਗੁਣ ਤਿਆਗਣੇ ਤੇ ਸ਼ੁਭ ਗੁਣ ਧਾਰਨੇ ਹਨ, ਪਰ ਇਕ ਪਤੀ ਪਰਮੇਸ਼ਰ ਦਾ ਮਨ ਵਿਚ ਧ੍ਰੂਵਾ ਬੰਨ੍ਹਕੇ ਉਸ ਨਾਲ ਪ੍ਰੇਮ ਕਰਨਾ ਹੈ। ਪ੍ਰੋਜਨ ਬੁੱਧੀ ਨੂੰ ਨਿਰਮਲ ਕਰਨੇ ਦਾ ਹੈ, ਬੁੱਧੀ ਦੀ ਨਿਰਮਲਤਾ ਲਈ ਵੈਰਾਗ ਵਿਵੇਕ ਵਰਤਣੇ ਹਨ। ਮਨ ਉਤੇ ਇਸ ਨਿਰਮਲ ਬੁਧਿ ਦਾ ਚਰਾਗ਼ ਰੌਸ਼ਨ ਕਰਕੇ ਇਸ ਦੇ ਕੁੰਡੇ ਹੇਠ ਮਨ ਨੂੰ ਟੋਰਨਾ ਹੈ। ਐਸੇ ਪ੍ਰਬੁਧ ਹੋਏ ਮਨ ਦੇ ਵੱਸ ਵਿਚ ਇੰਦਰਿਆਂ ਨੂੰ ਟੋਰਨਾ ਹੈ, ਪਰ ਅੰਦਰ ਜੋ ਸਾਡੇ ਆਤਮਾਂ ਵਿਚ ਪ੍ਰਿਯ ਸਰੂਪਤਾ ਦੀ ਅੰਸ਼ ਹੈ, ਪ੍ਰੇਮ ਹੈ, ਉਸਨੂੰ ਬੀ ਵਰਤਣਾ ਹੈ, ਉਸਨੂੰ ਮਾਰਨਾ ਨਹੀਂ। ਉਸ ਨਾਲ ਮਨ ਦੇ ਰੁਖ਼ ਨੂੰ ਉਪਰਲੇ ਪਾਸੇ ਵਲ ਲਗੇ ਰਹਿਣ ਵਾਲਾ ਬਨਾਉਂਣਾ ਹੈ ਤੇ ਬੁੱਧੀ ਦਾ ਅਲੰਬ ਲੱਭਕੇ ਉਸਨੂੰ ਜੱਫਾ ਮਾਰਨਾ ਹੈ। ਬੁੱਧੀ ਨੇ ਜਦ ਨਿਸਚੇ ਕਰ ਲਿਆ ਕਿ ਜਗਤ ਦਾ ਮੂਲ ਮਾਲਕ ਪਾਲਕ ਇਕ ਅਕਾਲ ਪੁਰਖ ਹੈ ਤਾਂ ਹੁਣ ਉਸਦਾ ਅਲੰਬ ਇਹ 'ਏਕੰਕਾਰ' ਹੈ ਅਰਥਾਤ ਅਕਾਲ ਪੁਰਖ ਹੈ। ਜਦੋਂ ਮਨ ਬੁੱਧੀ ਵਾਹਿਗੁਰੂ ਵਿਚ ਰਾਗ ਕਰਕੇ, ਅਰਥਾਤ ਉਸਨੂੰ ਅਪਣਾ ਆਲੰਬ ਬਣਾਕੇ ਉਸ ਨਾਲ ਲਗਾਤਾਰੀ ਲਗਾਉ ਪਾ ਲੈਣਗੇ ਤਾਂ ਉਨ੍ਹਾਂ ਵਿਚ ਵਾਹਿਗੁਰੂ ਤੇ ਵਾਹਿਗੁਰੂ ਵਿਚ ਓਹ

 www.sikhbookclub.com

ਵੱਸਣਗੇ। ਫੇਰ ਸਾਡਾ ਆਪਾ, ਜੀਵਤ ਆਪਾ ਹੋਵੇਗਾ ਤੇ ਜੀਵਨ ਮੁਕਤੀ ਦੇ ਸੁਖ ਪਾਏਗਾ। ਇਸ ਤਰ੍ਹਾਂ ਸਾਰਾ ਆਪਾ ਅਪਣੇ ਸਾਰੇ ਤਾਣ ਨਾਲ ਜਦ ਸਦਾ ਲਗਾ ਰਹੇਗਾ 'ਇਕ' ਵਿਚ ਤਾਂ 'ਇਕ ਵਿਚ ਸਮਾਇਆ' ਸਫਲ ਤੇ ਸੁਰਜੀਤ ਗਯਾਨ ਵਾਲਾ ਰਹੇਗਾ। ਇਹ ਆਪਾ–ਇਹ ਆਤਮਾ–ਸ਼ੁਧ ਆਤਮਾ ਹੈ ਤੇ ਇਹ ਕਾਰ ਸਿਰੇ ਚੜ੍ਹਦੀ ਹੈ ਗੁਰ ਸ਼ਬਦ ਦੀ ਕਮਾਈ ਨਾਲ। ਫਿਰ ਇਹ ਸਾਰਾ ਕੁਛ ਸਹਿਜ ਨਾਲ ਪ੍ਰਾਪਤ ਕਰਨਾ ਹੈ। ਸਹਿੰਦੇ ਸਹਿੰਦੇ ਹਠ, ਮਨ ਤੇ ਕੁੰਡਾ, ਤੇ ਆਪਾ ਨਿਵਾਰਨ ਦੇ ਸਾਰੇ ਦੇ ਸਾਰੇ ਕੰਮ ਕਰਨੇ ਹਨ, ਪਰ ਅੰਦਰ ਟੇਕ ਸਾਈਂ ਦੀ ਧਾਰਕੇ ਤੇ ਉਸਦੇ ਸਿਮਰਨ ਦੇ ਆਸਰੇ। ਜਦੋਂ ਅੰਦਰ ਠੰਢ ਵਰਤਣੀ ਹੈ ਤਾਂ 'ਸਹਿਜ' ਦਾ ਭਾ ਆ ਜਾਣਾ ਹੈ, ਸਹਿਜ ਅਨੰਦ ਨੇ ਅੰਦਰ ਟਿਕ ਜਾਣਾ ਹੈ।

69.

**ਮਰਦਾਨਾ**–ਸੁਹਾਣ ਤੇਰੀ ਚਾਕਰੀ ਨੂੰ, ਸੁਹਾਣ ਤੇਰੇ ਸਾਹਿਬ ਨੂੰ, ਸੁਹਾਣ ਤੁਧੇ ਨੂੰ (ਹੱਸਕੇ) ਤੇ ਰੁਵਾਲ ਕੁ ਸੁਹਾਣ ਤੇਰੇ ਢਾਡੀ ਨੂੰ ਬੀ। ਪਾਤਸ਼ਾਹ! ਤੇਰੇ ਤਨ ਤਾਣ ਹੈ, ਅਰਸ਼ਾਂ ਦਾ, ਪਰ ਮੇਰੇ ਤਨ ਨਿਤਾਣਪਨ ਹੈ ਕਚੇ ਸ਼ੀਰ ਦਾ, ਜੋ ਮੈਂ ਲੋਕਾਂ ਨਾਲੋਂ ਬਹੁਤ ਪੀਤਾ ਹੈ।

70.

**ਅਸੀਂ** ਜੋ ਕਝ ਕਰਦੇ ਹਾਂ ਓਹ ਦੋ ਪ੍ਰਕਾਰ ਦਾ ਹੈ : ਭਲਾ ਤੇ ਬੁਰਾ। ਇਹ ਜੋ ਕੁਛ ਕਰਦੇ ਹਾਂ ਇਸ ਨਾਲ ਰੁਚੀ ਬਣਦੀ ਹੈ, ਰੁਚੀ ਪੱਕ ਪੱਕ ਕੇ ਸੁਭਾਵ ਬਣਦਾ ਹੈ, ਇਸ ਸਾਡੀ ਕਿਰਤ (ਕਰਨੀ) ਦਾ ਫਲ ਸਾਨੂੰ ਫੇਰ ਅੰਦਰੋਂ ਭਲੇ ਬੁਰੇ ਵੱਲ ਟੋਰਦਾ ਹੈ। ਮਾੜੇ ਕਰਮਾਂ ਵਿਚ ਜੋ ਸੁਆਦ ਹੈ, ਉਹ ਮਾਨੋ ਚੋਗ ਹੈ ਜੋ ਸਾਨੂੰ ਫਸਾਉਂਦੀ ਹੈ ਪੰਛੀ ਵਾਂਗੂੰ। ਅੰਦਰੋਂ ਸੁਭਾਵ ਮਾੜੇ ਪਾਸੇ ਵਲ ਰੁਚੀ ਕਰਾਉਂਦਾ ਹੈ, ਬਾਹਰੋਂ ਰਸਦਾਇਕ ਭੋਗ ਆਪਣੇ ਵਿਚ ਖਿੱਚਦੇ ਹਨ, ਇਉਂ ਜੀਵ ਫਸਦਾ ਜਾਂਦਾ ਹੈ, ਮਨ ਮਨੂਰ ਹੁੰਦਾ ਜਾਂਦਾ ਹੈ, ਅਰਥਾਤ ਉੱਚੇ ਰਸਾਂ ਵਲੋਂ ਮਰਦਾ ਜਾਂਦਾ ਹੈ ਤੇ ਨੀਵੇਂ ਰਸਾਂ ਵਿਚ ਮਨ ਖੱਚਤ ਹੋ ਜਾਵੇ ਤਾਂ ਸਾਈਂ ਯਾਦ ਨਹੀਂ ਆ ਸਕਦਾ ਤੇ ਵਿਸਾਰੇ ਵਿਚ ਜੋ ਕੋਈ ਸ਼ੁਭਗੁਣ ਪੱਲੇ ਹੁੰਦੇ ਹਨ ਉਹ ਸਹਾਇਤਾ ਨਹੀਂ ਕਰ ਸਕਦੇ। ਉਹ

ਪਾਪਾਂ ਰੂਪੀ ਕੋਲਿਆਂ ਦੇ ਸੇਕ ਨਾਲ ਗਲਣ ਲਗ ਜਾਂਦੇ ਹਨ। ਸੋ ਫਾਥੇ ਪੰਛੀ ਦੇ ਛੁੱਟਣ, ਜਾਂ ਮਨੂਰ ਹੋਏ ਮਨ ਰੂਪ ਲੋਹੇ ਦੇ ਫੇਰ ਜੀਉ ਪੈਣ ਦਾ ਦਾਰੂ ਨਿਰੇ ਸ਼ੁਭ ਕਰਮ ਨਹੀਂ ਹਨ, ਉਹ ਤਾਂ ਗਲਦੇ ਜਾਣਗੇ ਪਾਪਾਂ ਦੇ ਮਘ ਰਹੇ ਕੋਲਿਆਂ ਦੇ ਸੇਕ ਨਾਲ, ਹਾਂ ਮਨੂਰਦੇ ਜੀਉ ਉੱਠਣ ਦਾ, ਜੀਉ ਕੇ ਲੋਹੇ ਤੋਂ ਸੋਨਾ ਹੋ ਜਾਣ ਦਾ ਇੱਕੋ ਤ੍ਰੀਕਾ ਹੈ ਕਿ ਸੱਚਾ ਸਤਿਗੁਰ ਨਾਮ ਰੂਪੀ ਅੰਮ੍ਰਿਤ ਦਾ ਛੱਟਾ ਮਾਰੇ। ਨਾਮ ਦੇ ਤ੍ਰੌਂਕੇ ਨਾਲ ਮਨ ਸਾਈਂ ਜੀ ਯਾਦ ਵਿਚ ਆਉਂਦਾ ਹੈ, ਸਾਈਂ ਦੀ ਯਾਦ ਸਾਈਂ ਨਾਲ ਮੇਲ ਹੈ।

71.

**ਕਰਮ** ਜੀਵ ਕਰਦਾ ਹੈ, ਆਪਣੇ ਕੀਤੇ ਨੂੰ ਫਲ ਲਗਦੇ ਹਨ। ਪਰ ਜੋ ਨਾਮ ਵਿਚ ਆਵੇ ਤਾਂ ਕਰਮ ਦਗਧ ਹੁੰਦੇ ਹਨ। ਨਾਮ ਦੀ ਲਿਵ ਜੋ ਪ੍ਰੇਮ ਹੈ, ਉੱਚਾ ਰਸ ਹੈ, ਕਰਮ ਤੋਂ ਉਚੇਰਾ ਮਾਰਗ ਹੈ। ਨਾਮ ਪਹਿਲਾਂ ਮਨ ਦੀ ਮੈਲ ਤੇ ਸੁਭਾਵ ਦੇ ਗੰਦ ਨੂੰ ਧੋਂਦਾ ਹੈ, ਮਤ ਵਿੱਚੋਂ ਪਾਪਾਂ ਨੂੰ ਧੋ ਕੱਢਦਾ ਹੈ, ਆਤਮਾ ਸ੍ਰਛ ਹੋ ਜਾਂਦੀ ਹੈ, ਉਹੋ ਨਾਮ ਫੇਰ ਅੰਮ੍ਰਿਤ ਹੋਕੇ ਰਸ ਦੇਂਦਾ ਹੈ:

**"ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥"** (ਸੁਖਮਨੀ)

72.

**ਸਤਿਸੰਗ** ਨਾਲ ਮਨ ਕਮਾਇਆ ਜਾਂਦਾ ਹੈ, ਉਸ ਵਿਚੋਂ ਮੈਲ ਉੱਗਰ ਉੱਗਰ ਕੇ ਦੂਰ ਹੁੰਦੀ ਹੈ, ਉਸ ਵਿਚ ਨਾਮ ਨੂੰ ਛੇਤੀ ਗ੍ਰਹਿਣ ਕਰਨ ਦੀ ਤਾਕਤ ਆ ਜਾਂਦੀ ਹੈ, ਜਦੋਂ ਹੀ ਕਿ ਮਨ ਕਿਸੇ ਕਾਰਨ ਅਭੇਦ ਅਰਦਾਸ ਵਿਚ ਆ ਗਿਆ, ਕਿਸੇ ਰੂਹਾਨੀ ਅਸਰ ਨਾਲ ਛੁਹ ਗਿਆ, ਕਿਸੇ ਅਦਭੁਤ ਕੌਤਕ ਨਾਲ ਰਗੜ ਖਾ ਗਿਆ। ਨਾਮ ਦੇ ਅਭਿਆਸ ਨਾਲ ਮਨ ਆਸ ਅੰਦੇਸੇ ਤੇ ਭੈ ਭਰਮ ਤੋਂ ਨਿਕਲਦਾ ਹੈ ਤੇ ਸੱਚ ਵਿਚ ਟਿਕਕੇ ਆਪੇ ਦੇ ਰੰਗ ਵਿਚ ਆ ਜਾਂਦਾ ਹੈ।

73.

'**ਮਰਦਾਨਿਆ**! ਉਠ ਉਜਾੜਾਂ ਵਸਦੀਆਂ ਹਨ, ਜਿਥੇ ਪਰਮੇਸ਼ੁਰ ਦਾ ਨਾਮ ਚਿੱਤ ਆਵੇ। ਓਹ ਵਸਦੀਆਂ ਭਯਾਨਕ ਹਨ ਜਿਥੇ ਪਰਮੇਸ਼ਰ ਜੀ ਤੋਂ ਵਿਸਾਰਾ

 www.sikhbookclub.com

ਤੇ ਪਾਪ ਦਾ ਵਾਸਾ ਹੈ। ਪਰਮੇਸ਼ੁਰ ਦੇ ਪ੍ਰੇਮ ਵਿਚ ਸਿੱਕਣ ਸੱਧਰਣ ਵਾਲਿਆਂ ਨੇ ਉਜਾੜਾਂ ਨੂੰ ਵਸਤੀਆਂ ਬਨਾਇਆ ਹੈ। ਜਿੱਥੇ ਭਾਗਾਂ ਵਾਲੇ, ਸ਼ੌਂਕਾਂ ਵਾਲੇ ਜਾ ਬੈਠੇ ਤੇ ਜਿੱਥੇ ਕਿਸੇ ਬੈਠਕੇ ਸਾਈਂ ਦੀ ਯਾਦ ਕੀਤੀ ਸੋ ਥਾਂਈਂ ਸੁਭਾਗ ਹੋ ਗਈਆਂ।'

74.

'**ਪਾਤਸ਼ਾਹ!** ਇਨ੍ਹਾਂ ਨੂੰ ਕੈਸੀ ਨੀਂਦ ਵਾਪਰੀ?' ਆਪ ਨੇ ਫੁਰਮਾਇਆ- 'ਮਰਦਾਨਿਆਂ! ਇਹ ਸਾਈਂ ਦੀ ਪਾਈ ਨੀਂਦ ਹੈ, ਜੋ ਦੁਰਾਚਾਰੀਆਂ ਨੂੰ ਘੇਰੀ ਰੱਖਦੀ ਹੈ। ਜਾਗਣਾ ਤਾਂ ਸਾਈਂ ਨੇ ਆਪਣੇ ਸ਼ੌਂਕ ਵਾਲਿਆਂ ਨੂੰ ਦਿੱਤਾ ਹੈ ਤੇ ਸੁਹਾਵੀ ਨੀਂਦ ਬੀ ਉਨ੍ਹਾਂ ਨੂੰ ਹੀ ਬਖਸ਼ੀ ਹੈ। ਮੰਦ ਕਰਮੀ ਪਾਪ ਲਈ ਜਾਗਦੇ ਹਨ ਤੇ ਥਕੇਵੇਂ ਵਿਚ ਸੌਂ ਜਾਂਦੇ ਹਨ।'

75.

**ਅਸੀਂ** ਕੀ ਹਾਂ? ਕਾਠ ਦੀਆਂ ਪੁਤਲੀਆਂ, ਵਿੱਚ ਦੀ ਲੰਘ ਚੱਲਣਾ ਹੈ। ਖਿਲਾਵਨ ਹਾਰ ਜਾਣੇ ਅਪਣੇ ਪਰੋਜਨਾਂ ਨੂੰ, ਸਦਾ ਸਿਦਕ ਵਿਚ ਰਹੀਏ ਤੇ ਨਾਮ ਜਪੀਏ, ਬਿਰਦ ਬਾਣੇਂ ਦੀ ਲਾਜ ਵਾਲਾ ਜੋ ਕੁਛ ਕਰਦਾ ਹੈ ਭਲਾ ਕਰਦਾ ਹੈ।

76.

**ਮਰਦਾਨਾ** (ਹੰਝੂ ਭਰਕੇ)-ਪਾਤਸ਼ਾਹ! ਮੇਰੀ ਮੌਤ ਮੇਰੇ ਪੇਟ ਦੇ ਹੱਥ ਹੈ। ਸਤਿਗੁਰ-ਮਰਦਾਨਿਆਂ! ਪੇਟ ਮਾਇਆ ਹੈ, ਇਹ ਸਰੀਰ ਮਾਇਆ ਹੈ। ਪਰ ਫੇਰ ਇਹ ਸਰੀਰ ਹੀ ਪਿੜ ਹੈ ਜਿੱਥੇ ਛਿੰਝ ਪੈ ਰਹੀ ਹੈ ਤੇ ਅਸਾਂ ਮੱਲ ਮਾਰਨੀ ਤੇ ਉੱਚੇ ਹੋਣਾ ਹੈ। ਸਰੀਰ ਮਾਰਨਾਂ ਨਹੀਂ, ਸਰੀਰ ਦੀਆਂ ਤਾਕਤਾਂ ਨਸ਼ਟ ਨਹੀਂ ਕਰੀਦੀਆਂ, ਇਨ੍ਹਾਂ ਤਾਕਤਾਂ ਨੂੰ ਕਾਬੂ ਕਰਕੇ, ਇਨ੍ਹਾਂ ਨੂੰ ਉੱਚਿਆਂ ਕਰਕੇ ਆਤਮ ਰੰਗ ਦਾ ਬਲ ਇਨ੍ਹਾਂ ਤੋਂ ਲਈਦਾ ਹੈ। ਸਰੀਰ ਮਾਯਾ ਹੈ, ਮਾਯਾ ਜਿੱਤਣੀ ਹੈ ਘਬਰਾ ਨਹੀਂ, ਮਾਇਆ ਸਤਿਸੰਗ ਕਰਕੇ ਜਿੱਤਣੀ ਹੈ। ਦੋ ਗਲਾਂ ਕਰਿਆ ਕਰ:


www.sikhbookclub.com

1. ਮਿੱਟੀ ਨੂੰ ਸਾਬਣ ਨਾਲ ਨਾ ਧੋਇਆ ਕਰ, ਮਿੱਟੀ ਦਾ ਕੁਛ ਨਹੀਂ ਧੋਪਦਾ। ਕਾਇਆਂ ਮਿੱਟੀ ਨੂੰ ਮਾਂਜਣ ਵਾਲੇ ਹਾਰ ਜਾਂਦੇ ਹਨ। ਤੂੰ ਮਿੱਟੀ ਦੇ ਛਲਾਂ ਦਾ ਜਾਣੂੰ ਹੋ ਤੇ ਕਾਬੂ ਪਾ ਤੇ ਜਾਣੂੰ ਹੋਣ ਲਈ ਤੇ ਕਾਬੂ ਪਾਉਣ ਲਈ ਨਾਮ ਦਾ ਵਿਸਾਰਾ ਨਾਂ ਕੀਤਾ ਕਰ ਤੇ ਚਿੱਤ ਕਰਤਾਰ ਦੀ ਚਰਨ ਸ਼ਰਨ ਪਿਆਰ ਨਾਲ ਰੱਖਿਆ ਕਰ।

2. ਚਿਤ ਚਰਨ ਸ਼ਰਨ ਰੱਖਣ ਦਾ ਜ਼ੋਰ ਨਹੀਂ ਲਾਈਦਾ, ਸਹਿ-ਸੁਭਾ ਸਾਵਧਾਨਤਾ ਨਾਲ ਲਾਈਦਾ ਹੈ, ਘਬਰਾਈਦਾ ਨਹੀਂ, ਭਰੋਸਾ ਰੱਖੀਦਾ ਹੈ। ਜਦ ਭੁੱਖ ਹੈ, ਦੁੱਖ ਹੈ, ਲੋੜ ਹੈ, ਮੁਸੀਬਤ ਹੈ ਤਦੋਂ ਨਾਮ ਨਾ ਛੱਡਿਆ ਕਰ। ਸ਼ਰਨ ਵੱਸਿਆਂ ਤੇ ਚਰਨ ਗਹੁ ਕਰ ਫੜੀ ਰੱਖਿਆ ਕਰ, ਧੀਰਜ ਧਾਰ ਕੇ ਘਾਬਰਿਆ ਨਾ ਕਰ। ਘਬਰਾ ਬੀ ਤ੍ਰਿਸ਼ਨਾ ਹੈ, ਕਰਤਾਰ ਆਪ ਸਹਾਈ ਹੋਵੇਗਾ। ਜਿਸ ਦੀ ਸ਼ਰਨ ਹਾਂ ਉਹ ਸਾਡਾ ਪਾਲਕ, ਦੁਖ ਹਰਤਾ ਹੈ। ਬਸ! ਹੁਣ ਇਹ ਕਾਬੂ ਪਾ ਕਿ ਕਿਸੇ ਹਾਲ ਘਬਰਾਉਣਾ ਨਹੀਂ, ਇਸ ਨਾਲ ਲਿਵ ਟੁੱਟ ਜਾਂਦੀ ਹੈ, ਅੰਦਰਲੇ ਨੂੰ ਜੋ ਚਰਨ ਸ਼ਰਨ ਰੱਖੀਦਾ ਹੈ, ਉਹ ਤਾਰ ਟੁੱਟ ਜਾਂਦੀ ਹੈ, ਫੇਰ ਮਨ ਦੇ ਮੰਡਲ ਵਿੱਚ ਤਾਂ ਸੋਚਾਂ ਹੀ ਸੋਚਾਂ ਹਨ ਤੇ ਝਗੜੇ ਹੀ ਝਗੜੇ ਹਨ, ਕੱਲਯਾਨ ਤਾਂ ਪਾਰ ਪਾਰ ਹੈ, ਲਿਵ ਵਿਚ।

ਮਰਦਾਨਿਆਂ! ਸਿਮਰਨ ਨਾ ਹਿੱਲੇ, ਧਯਾਨ ਨਾ ਡੋਲੇ, ਤੂੰ ਵਡਭਾਗ ਹੈਂ, ਤੇਰੇ ਤੇ ਮਿਹਰਾਮਤ ਹੋਈ ਹੈ ਆਪਾ ਦੇਖਣ ਦੀ, ਹੁਣ ਹੋਣੀ ਹੈ ਆਪਾ ਵੱਸ ਕਰਨ ਦੀ।

77.

**ਅੰਦਰਲੇ** ਨੂੰ ਚਰਨ ਸ਼ਰਨ ਰੱਖੋ, ਸ਼ਰਨ ਸੰਭਾਲੋ, ਸ਼ਰਨ ਤੋਂ ਦੂਰ ਨਾ ਜਾਓ। ਸ਼ਰਨ ਦਾ ਅਭਯਾਸ ਨਾਮ ਹੈ, ਨਿਰੰਤਰ ਨਾਮ ਵਿਚ ਵੱਸੋ, ਨਾਮ ਸਭ ਸੋਝੀਆਂ ਤੇ ਬਲ ਬਖਸ਼ੇਗਾ। ਸ਼ਰਨ ਵਿਚ ਵੱਸੋ, ਸਦਾ ਸ਼ਰਨ ਦੀ ਓਟ ਰਹੇ। ਸ਼ਰਨ ਦੇ ਆਸਰੇ ਆਪਾ ਆਪੇ ਨੂੰ ਚੀਨਦਾ ਹੈ, ਸ਼ਰਨ ਦੇ ਆਸਰੇ ਆਪਾ ਆਪੇ ਤੇ ਵਸੀਕਾਰ ਪਾਉਂਦਾ ਹੈ, ਸ਼ਰਨ ਦੇ ਆਸਰੇ ਆਪਾ ਸੁਤੰਤਰ ਹੋਕੇ ਸ਼ਰਨ ਵਿਚ ਸਮਾਈ ਪ੍ਰਾਪਤ ਕਰਦਾ ਹੈ, ਸ਼ਰਨ ਦੀ ਪ੍ਰਾਪਤੀ ਨਾਮ ਹੈ, ਨਾਮ ਕਦੇ ਨਾ ਭੁੱਲੋ।

 www.sikhbookclub.com

78.

**ਜਿਵੇਂ** ਧਰਤੀ ਵਾਹੀ ਤੇ ਸੁਹਾਗੇ ਨਾਲ ਭੰਨੀ ਸਾਧੀ ਦੀ ਹੈ ਤਿਵੇਂ ਇਹ ਕਾਯਾਂ ਭਲੇ ਕਰਮਾਂ (ਪੁੰਨ ਦਾਨ ਕਰਨ) ਤੇ ਸੱਚ ਬੋਲਣ ਤੇ ਸੱਚ ਧਾਰਨ ਨਾਲ ਸਾਧੀਦੀ ਹੈ। ਇਸ ਸਾਧੀ ਹੋਈ ਧਰਤੀ ਵਿਚ ਫੇਰ ਉਸ ਸੱਚੇ ਦੇ ਸਤਿਨਾਮ ਨੂੰ ਬੀਜੀਦਾ ਹੈ। ਇਹ ਬੀਉ ਫੇਰ ਮੇਲਦਾ ਹੈ ਅੰਦਰ ਆਪਣੇ, ਫੇਰ ਅੰਦਰਲਾ ਤੀਰਥ ਰੂਪ ਹੋ ਜਾਂਦਾ ਹੈ ਤੇ ਇਸ ਜੀਵ ਦਾ ਉਸ ਤੀਰਥ ਤੇ ਨਿਵਾਸ ਹੋ ਜਾਂਦਾ ਹੈ। ਇਹ ਸੱਚ ਅੰਦਰ ਵਸਦੇ ਸੁਭਾਉ ਵਿਚ ਵਸਦੇ ਦੇ ਸਰੀਰ ਦੇ ਅੰਗਾਂ ਵਿਚ ਵਸਦੇ ਸਾਰੇ ਪਾਪਾਂ ਨੂੰ ਸੋਧਕੇ ਕੱਢ ਦੇਂਦਾ ਹੈ।

79.

**ਸੋ** ਮਨਾਂ! ਨਾ ਕਰ ਨਫ਼ਰਤ ਕਿਸੇ ਨਾਲ। ਨਫ਼ਰਤ ਕੀਤਿਆਂ ਨਫ਼ਰਤ ਆਪਣੇ ਅੰਦਰ ਵਸਦੀ ਹੈ, ਨਫ਼ਰਤ ਖ਼ਸਲਤ ਸ਼ੈਤਾਨੀ ਹੈ, ਸੋ ਨਫ਼ਰਤ ਕਰਨ ਨਾਲ ਸ਼ੈਤਾਨ ਅੰਦਰ ਆ ਵਸਦਾ ਹੈ। ਫੇਰ ਜਿਥੇ ਨਫ਼ਰਤ ਉਥੇ ਖੁਦਾ ਕਿੱਥੇ ? ਖ਼ਬਰੇ ਤਦੇ ਘਾਲ ਥਾਂ ਨਹੀਂ ਪੈਂਦੀ।

80.

**ਪਿਛਲੀ** ਰਾਤ ਤਾਂ ਤੁਸਾਡਾ ਜਾਗਣਾ ਇਕ ਜ਼ੁਹਦ ਮਾਤ੍ਰ ਹੈ। ਅਸਾਂ ਇਸਨੂੰ ਅੰਮ੍ਰਿਤ ਵੇਲਾ ਨਾਉਂ ਦਿੱਤਾ ਹੈ, ਇਹ ਸੁਆਦ ਦਾ ਵੇਲਾ ਹੈ। ਸਾਡੇ ਗੁਰਮੁਖ ਬਨਾਉਟੀ ਯਾ ਜ਼ੋਰ ਦੇ ਹਠ ਤਪ ਨਹੀਂ ਕਰਦੇ, ਓਨ੍ਹਾਂ ਦੇ 'ਹਠ ਤਪ' ਪਯਾਰ ਦੇ ਸਹਜ ਵਿਚ ਹੁੰਦੇ ਹਨ। ਓਹ ਪਯਾਰ ਵਿਚ ਉਠਦੇ, ਕੀਰਤਨ ਕਰਦੇ ਤੇ ਸਾਈਂ ਦੀ ਯਾਦ ਵਿਚ ਖੁਸ਼ ਥੀਂਦੇ ਹਨ, ਉਹ ਰਸ ਮਾਣਦੇ ਹਨ ਉਸ ਦੀ ਯਾਦ ਦਾ, ਉਸ ਦੀ ਸਿਫ਼ਤ ਸਲਾਹ ਦਾ, ਇਸ ਕਰਕੇ ਉਨ੍ਹਾਂ ਲਈ ਉਹ ਅੰਮ੍ਰਿਤ ਵੇਲਾ ਹੈ। ਪਰ ਉਵ ਭਜਨ ਦੇ ਸੱਭੇ ਵੇਲੇ ਹਨ ਤੇ ਖ਼ਾਲਕ ਨੂੰ ਹਰ ਵੇਲੇ ਹੁਲਾਸ ਵਿਚ ਚੇਤੇ ਕਰਨਾ ਚਾਹੀਦਾ ਹੈ।

81.

**ਸਰੀਰ** ਨੂੰ ਪਰਾਲਬਧ ਤੇ ਛੱਡੇ, ਮਨ ਨੂੰ ਨੱਥਕੇ ਟੂਰੇ।

ਜੋ ਜੋ ਕੁਛ ਪੜ੍ਹੀਏ ਤੇ ਫੇਰ ਵਿਚਾਰੀਏ ਤੇ ਉਸ ਪਰ ਟੁਰੀਏ ਤਾਂ ਆਪਾ

ਗੁਆਚਣੋਂ ਤਾਂ ਬਚ ਰਹਿੰਦਾ ਹੈ, ਨਾ ਸਹੀ ਪਾਰ ਉਤਾਰਾ, ਬੰਦਾ ਡੁਬਦਾ ਤਾਂ ਨਹੀਂ। ਇਹ ਜਿਹੜਾ ਪੜ੍ਹ ਗੁੜ੍ਹ, ਸਮਝ ਬੁੱਝ ਕੇ ਫੇਰ ਮਨ ਦੀਆਂ ਆਸਾਂ ਤ੍ਰਿਸ਼ਨਾਂ ਦੇ ਮਗਰ ਓਠ ਭੱਜਣਾ ਹੈ, ਵਿਸ਼ੇ ਵਿਕਾਰਾਂ ਦੇ ਹਥ ਵਿਕੇ ਰਹਿਣਾ ਹੈ, ਇਹ ਤਾਂ ਮਨੁੱਖ ਹੋਕੇ ਬੈਲ ਦਾ ਜੀਵਨ ਹੈ, ਵਿਕਾਰਾਂ ਦੇ ਹੱਥ ਰੱਸੀ ਹੈ ਤੇ ਸਾਡੇ ਮਨ ਨੂੰ ਨੱਥ ਪਾਈ ਹੈ।

82.

**ਇਕ** ਸਾਈਂ ਤੋਂ ਜੁ ਮੰਗਿਆ, ਹੁਣ ਕਿਸੇ ਹੋਰਸ ਤੋਂ ਕਾਸਨੂੰ ਮੰਗਣਾ ਹੋਇਆ ?

83.

**ਗੁਰੂ ਜੀ**: ਕੀ ਤੂੰ ਪਰਮੇਸ਼ਰ ਨੂੰ ਜਾਣਿਆ ਹੈ ?

ਬੰਦਾ: (ਕੁਛ ਹਰਿਆਨ ਹੋਕੇ) ਜੀਉ! ਜਾਣਿਆਂ ਹੈ ਤਾਂ ਸਤਿਸੰਗ ਵਲ ਚਿਤ ਨੂੰ ਰੁਚੀ ਰਹਿੰਦੀ ਹੈ।

ਗੁਰੂ ਜੀ: ਜੇ ਜਾਣਿਆਂ ਹੈ ਤਾਂ ਵਿਆਕੁਲ ਕਾਸ ਨੂੰ ਹੋਇਆ ਕਰਦਾ ਹੈਂ? ਵਿਆਕੁਲਤਾ ਤਾਂ ਨਾ ਜਾਣਨੇ ਦੀ ਨਿਸ਼ਾਨੀ ਹੈ। ਜਿਸ ਜਾਤਾ ਹੈ ਉਹ ਕਿਉਂ ਘਾਬਰਦਾ ਹੈ ?

ਜਿਸ ਘਟ ਵਿਚ ਪਰਮੇਸ਼ੁਰ ਦੀ ਜਾਣ ਆਈ ਹੈ, ਉਥੇ ਫੇਰ ਘਬਰਾ ਨਹੀਂ। ਉਹ ਜੋਤਿ ਸਰੂਪ ਹੈ, ਗਿਆਨ ਸਰੂਪ ਹੈ।

84.

**ਜਦੋਂ** ਤੂੰ ਸਵੇਰੇ ਉੱਠਕੇ ਮਨ ਦੀਆਂ ਦੌੜਾਂ ਨੂੰ ਠੱਲ੍ਹਦਾ ਹੈਂ, ਭਗਵੰਤ ਵੱਲੇ ਖਿਆਲ ਨੂੰ ਮੋੜਦਾ ਹੈਂ, ਤਦੋਂ ਤਾਂ ਉਸ ਵਲ ਧਿਆਨ ਪੈਂਦਾ ਹੈ, ਪਰ ਜਦੋਂ ਕੰਮ ਕਾਜ ਵਿਚ ਮਗਨ ਹੁੰਦਾ ਹੈਂ, ਸਾਰਾ ਦਿਨ, ਤਦੋਂ ਮਨ ਉਸ ਕੰਮ ਵਿਚ ਹੁੰਦਾ ਹੈ ਮਗਨ, ਤਦੋਂ ਤੂੰ ਕੰਮ ਕਾਜ ਨੂੰ ਜਾਣਦਾ ਹੈਂ, ਭਗਵੰਤ ਨੂੰ ਨਹੀਂ ਜਾਣਦਾ।

85.

**ਨਿਰਾਸ** ਬੀ ਨਾ ਹੋ, ਜੋ ਤੈਨੂੰ ਲਗਨ ਲੱਗੀ ਹੈ, ਜੋ ਤੈਨੂੰ ਭਗਵੰਤ ਦੇ ਮਿਲਾਪ ਦੀ ਤ੍ਰਿਖਾ ਹੈ ਸੋ ਭੀ ਧੰਨਤਾ ਜੋਗ ਹੈ, ਉਸੇ ਨੇ ਮਿਲਾਉਣਾ ਹੈ। ਜਿਸਦੇ


www.sikhbookclub.com

ਅੰਦਰ ਦਰਸ਼ਨ ਦੀ ਸਿੱਕ ਨਹੀਂ, ਤਾਂਘ ਨਹੀਂ, ਉਹ ਤਾਂ ਮੁਰਦੇ ਸਾਮਾਨ ਹੈ। ਮੁਰਦੇ ਨੂੰ ਮਿਲਾਪ ਦੇ ਕੋਈ ਅਰਥ ਨਹੀਂ ਹੁੰਦੇ।

86.

**ਸਾਡੇ** ਸਾਰੇ ਅੰਤ ਵਾਲਿਆਂ ਦਾ ਕਾਲ (ਸਮਾਂ) ਛਿਨ ਛਿਨ ਕਰਕੇ ਲੰਘਦਾ ਹੈ, ਜੋ ਅਸੀਂ ਛਿਨ ਛਿਨ ਸੰਭਾਲ ਕਰੀਏ ਤਾਂ ਹਰ ਛਿਨ ਸੰਭਾਲਦਿਆਂ ਸਾਰੀਆਂ ਛਿਨਾਂ ਦੀ ਇਕ ਮਾਨੋ ਲੜੀ ਜੇਹੀ ਬਣ ਜਾਏਗੀ। ਇਸਨੂੰ ਕਹਾਂਗੇ 'ਸੰਭਾਲ ਦੀ ਲੜੀ'। ਇਹ ਲੜੀ ਇਕ ਤਰ੍ਹਾਂ ਦੀ ਲਗਾਤਾਰ ਹੋ ਜਾਏਗੀ; ਮਾਨੋਂ ਅਸਾਂ ਕਲ ਦੀ ਹਰ ਛਿਨ ਨੂੰ ਸੰਭਾਲ ਕੇ ਆਪਣੇ ਤੇ ਅਨੰਤ ਦੇ ਵਿਚਾਲੇ ਕਾਲ ਦੀ ਨਦੀ ਉੱਤੇ ਇਕ ਪੁਲ ਬੰਨ੍ਹ ਲਿਆ ਤੇ ਇਸ ਵਿੱਥ ਨੂੰ ਮਾਨੋਂ ਦੂਰ ਕਰ ਲਿਆ ਹੈ।

87.

**ਇਸ** ਲਗਾਤਾਰ ਹੋਂਦ ਦੇ ਅੰਦਰ ਅਭਿਆਸ ਕਰੋ, 'ਕਰਤਾਰ ਹੈ', 'ਮੇਰੇ ਅੰਦਰ ਹੈ', 'ਹੈ' 'ਹੈ' ਚਿੰਤਨ ਕਰਦਿਆਂ, ਚੇਤੇ ਵਿਚ 'ਹੈ' ਵੱਸ ਜਾਏਗੀ। ਫਿਰ ਚੇਤੇ ਵਿਚ ਰਖੀ ਗਲ ਧੁਰ ਅੰਦਰਲੇ ਚਿੱਤ ਵਿਚ ਉਤਰ ਜਾਏਗੀ। ਕੋਈ ਦਿਨ ਐਸਾ ਆਵੇਗਾ ਕਿ ਇਹ ਪ੍ਰਵਾਹ ਲਗਾਤਾਰੀ ਹੋ ਜਾਏਗਾ, ਸੁਭਾਵਕ ਹੋ ਜਾਏਗਾ, ਸੁਤੇ ਸਿੱਧ ਟੁਰਦਾ ਰਹੇਗਾ, ਤਦੋਂ ਸਮਝੀਂ ਕਿ ਪਰਮੇਸ਼ਰ ਨੂੰ ਕੁਛ ਜਣਿਆ ਹੈ।

88.

**ਗੁਰੂ ਜੀ**–ਕਦੇ ਮੁੰਡੇ ਪੜ੍ਹਦੇ ਡਿੱਠੇ ਨੀ। ਇਕ ਇਕ ਪਦ ਨੂੰ ਕਿੰਨੀ ਕਿੰਨੀ ਵਾਰੀ ਘੋਖਦੇ ਹਨ। ਘੋਖਦਿਆਂ ਘੋਖਦਿਆਂ ਉਹ ਪਦ, ਉਸ ਦਾ ਅਰਥ ਉਨ੍ਹਾਂ ਦੇ ਚੇਤੇ ਵਿਚ ਬੈਠਦਾ, ਹੇਠਾਂ ਚਿਤ ਵਿਚ ਲਹਿ ਜਾਂਦਾ ਹੈ, ਫਿਰ ਕਦੇ ਨਹੀਂ ਭੁੱਲਦਾ, ਸੋ ਕਿਸੇ ਗਲ ਨੂੰ ਘੜੀ ਮੁੜੀ ਚੇਤੇ ਵਿਚ ਵਸਾਉਂਦਿਆਂ ਉਹ ਅੰਦਰ ਘਟ ਵਿਚ, ਦਿਲ ਦੇ ਹੇਠਲੇ ਪਰਤ ਵਿਚ ਬੈਠ ਕੇ ਪੱਕੀ ਹੋ ਜਾਂਦੀ ਹੈ, ਉਹੋ ਸਾਡਾ ਗਿਆਨ ਹੈ ਤੇ ਉਹੋ ਸੁਖ ਦੇਂਦਾ ਹੈ। ਸੋ ਜੋ ਗੱਲ ਇਕੋ ਵਾਰੀ ਸੁਣਕੇ ਚੇਤੇ ਵਿਚ ਨਹੀਂ ਵੱਸ ਜਾਂਦੀ ਉਸਨੂੰ ਜੀਭ ਨਾਲ ਦੁਹਰਾਈਦਾ ਹੈ, ਘੜੀ ਮੁੜੀ ਉਚਾਰੀਦਾ ਹੈ, ਰਟਨ ਕਰੀਦਾ ਹੈ, ਉਹ ਫਿਰ ਚੇਤੇ ਵਿਚ

ਵੱਸਦੀ ਹੈ। ਭਾਵ ਇਹ ਕਿ ਚੇਤੇ ਵਿਚ ਕਿਸੇ ਸ਼ੈ ਨੂੰ ਵਸਾਉਣ ਲਈ ਉਸਦਾ ਬਾਰ ਬਾਰ ਰਟਨ ਕਰਨਾ ਸਹਾਈ ਹੁੰਦਾ ਹੈ, ਜਿਵੇਂ ਤੈਨੂੰ ਦੱਸਿਆ ਸੀ ਕਿ ਚੇਤੇ ਵਿਚ ਕਿਸੇ ਗਲ ਨੂੰ ਬਰਾਬਰ ਵਸਾਇਆਂ ਉਹ ਗਲ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਵਸ ਜਾਂਦੀ ਹੈ। ਸੋ ਪਰਤੱਖ ਹੈ ਕਿ ਚੇਤੇ ਵਿਚ ਵਸਾਉਣ ਲਈ ਬਹੁਤ ਵੇਰੀ ਸਾਨੂੰ ਰਸਨਾ ਦੇ ਰਟਨ ਤੋਂ ਸਹਾਇਤਾ ਮਿਲ ਜਾਂਦੀ ਹੈ। ਇਹ ਗਲ ਕਿ ਰਟਨ ਨਾਲ-ਬਾਰ ਬਾਰ ਉਚਾਰਨ ਨਾਲ-ਜਪਣ ਨਾਲ ਚੇਤੇ ਵਿਚ, ਯਾਦ ਵਿਚ, ਮਿਸਰਨ ਵਿਚ ਗਲ ਵਸ ਜਾਂਦੀ ਹੈ, ਪਰਤੱਖ ਹੈ। ਸਾਡੇ ਮਨ ਦੀ ਅੰਦਰਲੀ ਕਲਾ ਦੀ ਬਨਾਵਟ ਐਸੀ ਹੈ ਤੇ ਹਰ ਕੋਈ ਸਮਝਦਾ ਹੈ। ਜਿਤਨੇ ਵਿਦਵਾਨ ਹਨ ਸਭ ਨੇ ਵਿਦਯਾ ਇਸੇ ਤਰ੍ਹਾਂ ਰਟ ਰਟ ਤੇ ਯਾਦ ਕਰ ਕਰਕੇ ਅੰਦਰ ਵਸਾਈ ਹੈ। ਸੋ ਝੰਡਿਆ! ਜੇ ਤੌਖਲਾ ਹੋਵੇ ਕਿ 'ਸਾਈਂ ਦੀ ਹੋਂਦ' ਸਾਡੀ ਯਾਦ ਵਿਚ ਲਗਾਤਾਰੀ ਨਿਵਾਸ ਨਹੀਂ ਕਰੇਗੀ ਤਾਂ ਸਾਈਂ ਦਾ 'ਨਾਮ' ਰਸਨਾ ਤੇ ਬਿਠਾ ਕੇ ਜਪ ਕਰੀਏ, ਰਟਨ ਕਰੀਏ, ਬਾਰ ਬਾਰ ਉਚਾਰੀਏ। ਇਸ ਰਸਨਾ ਦੇ ਅੱਭਯਾਸ ਨਾਲ ਇਸ ਜੀਭ ਨਾਲ ਨਾਮ ਜਪਣ ਨਾਲ ਸਾਈਂ ਦੀ ਹੋਂਦ ਯਾਦ ਵਿੱਚ ਵੱਸ ਜਾਏਗੀ, ਯਾਦ ਵਿਚੋਂ ਕਿਸੇ ਵੇਲੇ ਨਾ ਨਿਕਲਣ ਦੇਣ ਨਾਲ ਇਹ ਭਾਵ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਲਗਾਤਾਰੀ ਰੰਗ ਵਿਚ ਟਿਕ ਜਾਏਗੀ।

89.

**ਸਾਈਂ** ਦੀ 'ਹੋਂਦ' ਸਾਡੀ ਯਾਦ ਵਿਚ ਹਰ ਛਿਨ ਵੱਸੇ, ਜੋ ਐਉਂ ਮਨ ਦੀ ਸੂਖਮ ਗਤੀ ਵਿਚ ਯਾਦ, ਅਰਥਾਤ ਸਾਈਂ ਦੀ ਹੋਂਦ ਦੀ 'ਯਾਦ', ਲਗਾਤਾਰੀ ਹੋਕੇ ਨਾ ਵੱਸੇ, ਭੁੱਲ ਭੁੱਲ ਜਾਵੇ, ਮੁੜ ਮੁੜ ਚੇਤੇ ਆਵੇ ਮੁੜ ਮੁੜ ਭੁੱਲ ਭੁੱਲ ਜਾਵੇ, ਤਾਂ ਸਾਈਂ ਦਾ ਨਾਮ ਰਸਨਾ ਨਾਲ ਜਪੇ। ਇਹ ਅੱਭਯਾਸ 'ਸਾਈਂ' ਦੀ ਹੋਂਦ ਦੇ ਭਾਵ ਨੂੰ ਯਾਦ ਵਿਚ ਲਗਾਤਾਰੀ ਕਰ ਦੇਵੇਗਾ। ਲੋਕੀਂ ਜੋ ਹੁੱਜਤਾਂ ਘੜਿਆ ਕਰਦੇ ਹਨ, ਵਿਚਾਰ ਨਹੀਂ ਕਰਦੇ।

90.

**'ਹੈ'** ਦਾ ਭਾਵ ਜਦ ਅੰਦਰ ਲਗਾਤਾਰੀ ਹੋ ਜਾਏਗਾ, ਅੰਦਰਲਾ ਸਾਡਾ ਇਕ ਉਚਿਆਈ ਉੱਤੇ ਆਪੇ ਨੂੰ ਪ੍ਰਤੀਤ ਕਰੇਗਾ, ਇਕ ਜਾਗ੍ਰਤ ਦਾ ਭਾਵ ਕਿ


www.sikhbookclub.com

'ਮਾਨੋ ਸੁੱਤੇ ਹੋਏ ਸਾਂ, ਹੁਣੇ ਜਾਗੇ ਹਾਂ ਅੰਦਰ ਜਾਰੀ ਰਹੇਗਾ, ਤਾਜ਼ਗੀ ਤਾਜ਼ਗੀ, ਹਲਕਾ ਹਲਕਾਪਨ ਭਾਸੇਗਾ। ਇਸ ਤਰ੍ਹਾਂ ਦੇ ਸੁਆਦ ਅੰਦਰਲੇ ਆਪੇ ਵਿਚ ਪ੍ਰਤੀਤ ਹੋਣਗੇ, ਉਸ ਹਾਲਤ ਨੂੰ ਉਨਮਨ ਕਹੀਦਾ ਹੈ ਕਿ ਮਨ ਉਚਯਾਣ ਵਿਚ ਆ ਗਿਆ ਹੈ। ਯਾ ਇਉਂ ਕਹੋ ਕਿ ਆਪਾ ਦਬਾਵਾਂ ਤੇ ਗਿਰਾਵਾਂ ਤੋਂ ਛੁੱਟਕੇ ਉੱਚਾ ਹੋ ਗਿਆ ਹੈ।

91.

**ਸਾਡਾ** ਜੋ ਇਸ ਜੜ੍ਹ ਸਰੀਰ ਦੇ ਅੰਦਰ ਚੇਤੰਨ ਹਿੱਸਾ ਹੈ ਉਸ ਦੇ ਅਸੀਂ ਸਾਰੇ ਗਿਆਤਾ ਨਹੀਂ ਹਾਂ। ਉਹ ਅਸੀਂ ਹਾਂ, ਉਹ ਸਾਡਾ ਆਪਾ ਹੈ ਯਾ ਸਾਰਾ ਕੁਛ ਆਪਣਾ ਹੈ, ਪਰ ਅਸੀਂ ਉਸ ਸਾਰੇ ਦੇ ਜਾਣੂ ਨਹੀਂ ਹਾਂ। ਜੀਵ ਉਸ ਦੇ ਉਤਨੇ ਹਿੱਸੇ ਦਾ ਜਾਣੂ ਹੈ, ਜਿਤਨੇ ਵਿਚ ਕਿ ਸੋਚ ਵਿਚਾਰ, ਪਛਾਣ ਆਦਿਕ ਹਨ। ਜਿਹਾ ਮਨ ਸੋਚਦਾ ਹੈ, ਸਮਝਦਾ ਹੈ, ਉਸ ਦੀ ਜੀਵ ਨੂੰ ਖ਼ਬਰ ਹੈ, ਬਾਕੀ ਦੇ ਦੀ ਨਹੀਂ। ਕਈ ਵੇਰ ਟਪਲਾ ਖਾ ਜਾਈਦਾ ਹੈ ਕਿ ਸੋਚਣ ਸਮਝਣ ਵਾਲੇ ਮਨ ਨੂੰ ਸਾਰਾ ਮਨ, ਸਾਰਾ ਆਪਾ, ਸਾਰੀ ਜਿੰਦ ਸਮਝ ਲਈਦਾ ਹੈ, ਪਰ ਇਹ ਠੀਕ ਨਹੀਂ, ਇਹ ਸਾਡੇ ਸੋਚਾਂ ਵਾਲੇ ਮਨ ਦਾ ਇਕ ਹੋਰ ਪਰਤ ਯਾ ਹਿੱਸਾ ਹੈ, ਜਿਸ ਵਿਚ ਸਾਡੇ ਇਸ ਮਨ ਦੇ ਵਿਚਾਰ ਆਦਿ ਅਕਸ ਪਾਉਂਦੇ ਹਨ ਤੇ ਮਾਨੋ ਓਥੇ ਅਕਸ ਕੱਠੇ ਹੁੰਦੇ ਹਨ, ਯਾ ਇਉਂ ਕਹੀਏ ਕਿ ਉਸ ਮਨ ਵਿਚ ਸਾਡੇ ਸਾਰੇ ਅਭਿਆਸ 'ਸੰਸਕਾਰ' ਬਣਕੇ ਜਮ੍ਹਾਂ ਹੁੰਦੇ ਹਨ, ਉਹ ਮਨ ਸੋਚਦਾ, ਵਿਚਾਰਦਾ ਤੋਲਦਾ ਸਾਨੂੰ ਪ੍ਰਤੀਤ ਨਹੀਂ ਦਿੰਦਾ।

92.

**ਦਿਨ** ਦੀਆਂ ਅਪੂਰਣ ਤ੍ਰਿਸ਼ਨਾਂ ਕਈ ਵੇਰ ਰਾਤ ਨੂੰ ਸੁਪਨਿਆਂ ਵਿਚ ਪੂਰਨ ਹੁੰਦੀਆਂ ਹਨ, ਇਹ ਸਾਰਾ ਕੁਛ ਗੁਪਤ ਮਨ ਕਰਦਾ ਹੈ, ਕਿਉਂਕਿ ਪਰਤੱਖ ਮਨ ਤਾਂ ਉਸ ਵੇਲੇ ਸੈਂ ਰਿਹਾ ਹੈ। ਸੁੱਤਾ ਆਦਮੀ ਜਾਗ੍ਰਤ ਵਾਂਙੂ ਸੋਚਦਾ, ਵਿਚਾਰਦਾ, ਜੋਖਦਾ ਨਹੀਂ, ਕਿਉਂਕਿ ਪਰਤੱਖ ਮਨ ਤਾਂ ਜਾਗ੍ਰਤ ਵਿਚ ਹੀ ਨਹੀਂ, ਹੁਣ ਕੌਣ ਹੈ ਜੋ ਸੁਪਨਿਆਂ ਵਿਚ ਦੇ ਵਰਤੇ ਮਾਮਲਿਆਂ ਦੀਆਂ ਮੂਰਤਾਂ ਅਨੇਕ ਤਰ੍ਹਾਂ ਦੀ ਵਚਿਤ੍ਰਤਾ ਵਿਚ ਦਿਖਾ ਰਿਹਾ ਹੈ? ਇਹ ਉਹ ਦੂਸਰਾ ਮਨ ਹੈ, ਜੋ ਸੋਚਾਂ, ਵਚਨਾਂ, ਕਰਨੀਆਂ ਦੇ ਸੰਸਕਾਰਾਂ ਦੇ ਵਚਿੱਤ੍ਰ ਨਕਸ਼ੇ ਅਨੇਕ ਰੂਪਾਂ ਵਿਚ ਵਟਾ ਵਟਾ ਕੇ ਦਿਖਾ ਰਿਹਾ ਹੈ।

93.

**ਇਸੇ** ਕਰਕੇ ਤਾਂ ਭਲਿਆਈ ਤੇ ਉੱਚਿਆਈ ਨੂੰ ਸਮਝ ਸਮਝ ਕੇ ਉਸ ਪਰ ਟੁਰਨ ਦੇ ਸੰਕਲਪ ਤੋਂ ਇੰਦੀਏ ਬੰਨ੍ਹ ਬੰਨ੍ਹ ਕੇ ਜਗਯਾਸੂ ਲੋਕ ਤੇ ਨੇਕੀ ਦੇ ਤਰਲੇ ਲੈਣ ਵਾਲੇ ਮੁੜ ਮੁੜ ਕੇ ਡਿਗਦੇ ਹਨ। ਮਨ ਦੀਆਂ ਲੁਕੀਆਂ ਪਈਆਂ ਰੁਚੀਆਂ ਜੀਵਾਂ ਦੇ 'ਸਮਝੇ ਤੇ ਚੰਗਾ ਜਾਣੇ ਰਸਤੇ' ਦੇ ਵਿਰੁੱਧ ਉਨ੍ਹਾਂ ਨੂੰ ਲੈ ਜਾਂਦੀਆਂ ਹਨ।

94.

**ਜਿਵੇਂ** ਅਸਾਂ ਅਪਣੇ ਉਸ ਗੁਪਤ ਮਨ ਦੇ ਖਜ਼ਾਨੇ ਨੂੰ ਮਾੜੇ ਸੰਸਕਾਰਾਂ ਨਾਲ ਭਰਿਆ ਹੈ ਤਿਵੇਂ ਹੁਣ ਭਲੇ ਸੰਸਕਾਰਾਂ ਨਾਲ ਭਰੀਏ।

95.

**ਮਨੁੱਖ** ਅਪੂਰਨ ਹੈ ਤੇ ਇਸਦਾ ਮਨ ਅਵਗੁਣੀ ਭਰਪੂਰ ਹੈ, ਅਵਗੁਣਾਂ ਵਿਚੋਂ ਗੁਣ ਨਹੀਂ ਉਪਜ ਸਕਦੇ, ਇਸ ਲਈ ਅਸੀਂ ਤੱਕਣਾ ਹੈ ਕਿ ਗੁਣਾਂ ਦਾ ਨਿਵਾਸ ਕਿੱਥੇ ਹੈ? ਸਾਰੇ ਗੁਣਾਂ ਦਾ ਨਿਵਾਸ ਪਰਮੇਸ਼ਰ ਵਿਚ ਹੈ। ਬਿਨਾਂ ਗੁਣਾਂ ਸਾਡੀ ਸਫ਼ਾਈ ਨਹੀਂ ਹੁੰਦੀ, ਕਲਯਾਣ ਨਹੀਂ।

96.

**ਉਹ** ਸਭ ਗੁਣੀ ਭਰਪੂਰ ਹੈ, ਉਹ ਨੇਕੀ ਕੁੱਲ ਹੈ, ਜਿਉਂ ਜਿਉਂ ਉਸ ਨੇਕੀ ਕੁੱਲ ਦੀ, ਸਰਬ ਗੁਣੀ ਭਰਪੂਰ ਦੀ, ਸੁਧੀ ਪਵਿੱਤ੍ਰਤਾ ਰੂਪ ਵਾਲੇ ਦੀ ਅਸੀਂ ਯਾਦ ਕਰਾਂਗੇ ਉਸ ਹੋਂਦ ਦਾ ਭਾਵ, ਉਸ ਦਾ ਗੁਣੀ ਭਰਪੂਰ ਸਰੂਪ, ਉਸ ਦੇ ਗੁਣਾਂ ਦਾ ਅਕਸ ਪਰਤੱਖ ਮਨ ਵਿਚ ਆ ਆ ਕੇ, ਸੰਸਕਾਰ ਬਣ ਬਣਕੇ, ਸੰਸਕਾਰ ਜਿਥੇ ਰਹਿੰਦੇ ਹਨ ਉਸ ਮਨ ਵਿਚ ਉਤਰੇਗਾ, ਤਿਉਂ ਤਿਉਂ ਮਨ ਦੇ ਸੰਸਕਾਰਾਂ ਵਾਲੇ ਟਿਕਾਣੇ ਵਿਚੋਂ ਮਾੜੇ ਸੰਸਕਾਰਾਂ ਦਾ ਸਾਮਾਨ ਉਛਲ ਉਛਲਕੇ ਡੁੱਲ੍ਹਣ ਲੱਗ ਜਾਏਗਾ ਤੇ ਨੇਕੀ ਦਾ ਸਾਮਾਨ ਭਰਨ ਲੱਗ ਜਾਏਗਾ। ਸਮਾਂ ਪਾਕੇ ਉਥੇ ਸਾਈਂ ਦਾ ਸਰੂਪ, ਉਸ ਦੀ ਹੋਂਦ ਦਾ ਭਾਵ, ਉਸ ਦਾ ਗੁਣੀ ਭਰਪੂਰ ਸਤਿ ਸਰੂਪ ਲਬਾਲਬ ਭਰ ਜਾਏਗਾ।


www.sikhbookclub.com

97.

**ਨਾਮ** ਜਪਿਆਂ ਪਾਪ ਧੋਪੇ, ਸਾਈਂ ਆਇਆ, ਸਾਈਂ ਆਇਆਂ ਉਸ ਦੇ ਗੁਣ ਆਏ।

98.

**ਭਲੇ** ਪੁਰਖਾ! ਇਹੋ ਸਾਡੀ ਮਤਿ, ਸਾਡਾ ਅੰਦਰਲਾ ਮਨ, ਸੁਰਤ, ਸਾਰਾ ਕੁਛ ਭਰ ਰਿਹਾ ਹੈ ਪਾਪਾਂ ਦੀ ਮੈਲ ਨਾਲ, ਉਹ ਧੋਪ ਸਕਦਾ ਹੈ ਕੇਵਲ ਨਾਮ ਨਾਲ। ਬੱਸ ਇਹੋ ਸਿਧਾਂਤ ਹੈ।

99.

**ਨਾਮ** ਦਾ ਉਪਦੇਸ਼ ਤੇ ਨਾਮ ਦੀ ਮਹਿਮਾ ਉੱਚੀ ਹੈ। ਨਾਮ ਹੀ ਦਾਰੂ ਹੈ, ਨਾਮ ਅਰੋਗਤਾਈ ਹੈ, ਨਾਮ ਦੇ ਤੁਲ ਹੋਰ ਕੁਛ ਨਹੀਂ। ਪਰ ਨਾਮ ਅਮੋਲਕ ਹੈ, ਇਸ ਦੀ ਕਦਰ ਵਿਰਲਾ ਕੋਈ ਜਾਣਦਾ ਹੈ। ਸੋ ਪਹਿਲਾਂ ਇਸਦੀ ਕਦਰ ਇਸਦੇ ਜਪਣਹਾਰ, ਜਾਣਨਹਾਰ ਤੋਂ ਸੁਣਕੇ ਮਨ ਵਿਚ ਧਾਰ ਲਈ, ਅਮੰਨਾ ਕੀਤਾ, ਭਰੋਸਾ ਬੰਨ੍ਹਿਆ। ਫਿਰ ਇਸ ਨਾਲ ਪ੍ਰੇਮ ਕੀਤਾ। ਅਰਥਾਤ ਪ੍ਰੇਮ ਨਾਲ ਜਪਣਾ ਅਰੰਭਿਆ। ਅੰਤਰ ਗਤ ਤੀਰਥ ਹੈ ਇੱਕ, ਅਰਥਾਤ ਸਾਡਾ ਅਪਣਾ ਮਨ ਇਕ ਤੀਰਥ ਹੈ। ਉਸ ਤੀਰਥ ਵਿਚ ਇਸ਼ਨਾਨ ਕਰਨਾ ਸਿੱਖਿਆ। ਉਹ ਐਉਂ ਕਿ ਜੀਭ ਨਾਮ ਜਪੇ, ਮਨ ਸਿਮਰਨ ਵਿਚ ਜਾਵੇ। ਜਿਸਨੂੰ ਸਿਮਰਦਾ ਹੈ, ਉਸ ਦੇ ਗੁਣਾਂ ਨੂੰ ਗਾਉਂਦਾ ਸਿਫ਼ਤ ਸਲਾਹ ਦੇ ਭਾਵ ਵਿਚ ਭਰਦਾ ਉਸਦੇ ਨਾਲ ਮਨ-ਪਰਤੱਖ ਮਨ-ਜੋ ਹੈ ਸੋ-ਤਾਂ ਨਿਰਮਲ ਹੁੰਦਾ ਹੈ। ਇਸੇ ਨਾਲ ਮਨ ਦਾ ਸੰਸਕਾਰਾਂ ਨੂੰ ਲਈ ਬੈਠਾ ਹਿੱਸਾ ਬੀ ਸਮਾਂ ਪਾ ਕੇ ਨਿਰਮਲ ਹੋ ਜਾਂਦਾ ਹੈ। ਇਸ ਮਨ ਵਿਚ ਸਾਈਂ ਨਾਮ ਦੇ ਵਸ ਗਿਆਂ, ਉਸਦੇ ਸਤਿ ਸਰੂਪ ਦੇ ਨਿਵਾਸ ਤੋਂ ਫਿਰ ਇਕ ਸੁਹਾਉ ਤੇ ਸੁੰਦਰਤਾ ਦੀ ਪ੍ਰਤੀਤੀ ਉਪਜ ਪੈਂਦੀ ਹੈ। ਤਦੋਂ ਆਨੰਦ ਸਰੂਪ ਵਿਚ ਮਿਲਕੇ ਜੀਵ ਆਨੰਦ ਮਾਣਦਾ ਹੈ। ਸੋ ਪੁਰਖਾ! ਇਹ ਸਾਰੀ ਗਲ ਬਾਤ ਨੂੰ ਅਸੀਂ ਨਾਮ ਕਹਿੰਦੇ ਹਾਂ। ਨਾਮ ਨਾਲ ਕਲਿਆਣ ਹੈ, ਨਾਮ ਦੀ ਸ਼ਰਨ ਲਓ, ਸਾਰੀ ਵਿਆਕੁਲਤਾ ਤੇ ਘਬਰਾ ਹਟ ਜਾਣਗੇ।


www.sikhbookclub.com

100.

**ਨਾਮ** ਵਿਦਯਾ ਹੈ, ਨਾਮ ਪਰਮੇਸ਼ਰ ਦਾ ਨਾਉ ਹੈ, ਨਾਮ ਪਰਮੇਸ਼ਰ ਦੇ ਗੁਣਾਂ ਦਾ ਸਰੋਵਰ ਹੈ, ਨਾਮ ਉਸਦਾ ਸਰੂਪ ਹੈ। ਆਪੇ ਨੂੰ ਸਾਈਂ ਨਾਲ ਲਾਈ ਰੱਖਦਾ ਨਾਮ ਹੈ, ਨਾਲ ਲੱਗੇ ਰਹਿਕੇ ਰੰਗ ਤੇ ਰਸ ਵਿਚ ਜੀਉਣਾ ਨਾਮ ਹੈ। ਨਾਮ ਜੋ ਕੁਛ ਕਿਹਾ ਹੈ, ਅਜੇ ਹੋਰ ਹੈ। ਨਾਮ ਇਕ ਤਿਆਰੀ ਤੇ ਜਤਨ ਹੈ ਜੋ ਸ਼ੁਭ ਕਰਮਾਂ ਤੋਂ ਉਪਰਲਾ ਸਾਧਨ ਤੇ ਦਰਜਾ ਹੈ। ਆਪਣੇ ਆਪ ਨੂੰ ਸਾਈਂ ਦੇ ਅਸਰ ਹੇਠ ਲਿਆਉਣਾ ਨਾਮ ਹੈ।

101.

**ਤੂੰ** ਅਡੋਲ ਹੋ, ਡੋਲਿਆਂ ਮਨ ਮਹਾਰਾਜ ਦੇ ਨਾਲੋਂ ਵਿੱਥ ਤੇ ਹੋ ਜਾਂਦਾ ਹੈ। ਮਹਾਰਾਜ ਨਾਲ ਜੁੜ, ਅੰਦਰੋਂ ਜੁੜ ਤੇ ਸਾਵਧਾਨ ਹੋ ਜਾਹ। ਨਹੀਂ ਨਾਮ ਜਪੀ ਜਾਹ, ਬਿਸ਼ਕ ਉਚੀ ਉਚੀ ਜਪ, ਇਹ ਟੇਕ ਹਈ ਸਜਣਾਂ, ਕਰ ਤੇ ਦੇਖ। ਕੁਦਰਤ ਦੇ ਤੱਤ ਘੁਲ ਰਹੇ ਹਨ, ਤੈਨੂੰ ਕੀਹ ? ਭਉ ਕਾਹਦਾ, ਜਦ ਅਸੀਂ ਨਿਰਭਉ ਨਾਲ ਜੁੜ ਰਹੇ ਹਾਂ।

102.

**ਪੰਡਾ**: ਭੈ ਤਾਂ ਨਿਰਬਲ ਖਾਂਦੇ ਹਨ ?

ਗੁਰੂ ਜੀ: ਨਿਰਬਲ ਹੈ ਉਹ ਜੋ ਸੱਚ ਤੋਂ ਪਰੇ ਜਾਂਦਾ ਹੈ, ਹਾਂ ਨਿਰਬਲ ਉਹੋ ਹੈ ਜੋ ਪਾਪ ਕਰਦਾ ਹੈ ਪਾਪ ਨਿਰਬਲਤਾਈ ਉਤਪੰਨ ਕਰਦਾ ਹੈ, ਨਿਰਬਲਤਾਈ ਡਰ ਨੂੰ ਵਾਜਾਂ ਮਾਰਦੀ ਹੈ।

103.

**ਮਰ** ਜਾਣਾ, ਹਾਰ ਜਾਣਾ, ਅਪਕੀਰਤੀ ਵਿਚ ਆ ਜਾਣਾ, ਏਹ ਪਾਪ ਦੀਆਂ ਨਿਸ਼ਾਨੀਆਂ ਨਹੀਂ, ਨਾ ਡਰ ਜਾਣ ਦੇ ਚਿੰਨ੍ਹ ਹਨ। ਨਿਰਭੈ ਰਹਿਣਾ, ਹਾਂ ਅਭੈ ਹੋ ਜਾਣਾ ਅਪਜਸ ਤੋਂ, ਅਪਕੀਰਤੀ ਤੋਂ, ਸਰੀਰਕ ਕਸ਼ਟਾਂ ਤੋਂ, ਮੌਤ ਤੋਂ, ਇਹ ਸੱਤਯ ਦੇ ਪਿਆਰ ਨਾਲ ਹੁੰਦਾ ਹੈ। ਅਪਜਸ, ਕਸ਼ਟ ਤੇ ਮੌਤ ਪਾਪ ਦੀ ਨਿਸ਼ਾਨੀ ਨਹੀਂ, ਨਾ ਭੈ ਦੀ ਦਲੀਲ ਹਨ। ਮਰ ਜਾਏਗਾ ਸਰੀਰ ਜਿਸ ਮਰਨਾ ਹੈ ਜ਼ਰੂਰ। ਕਸ਼ਟ ਭੋਗੇਗੀ ਦੇਹ ਜੋ ਨਿਤ ਭੋਗਦੀ ਹੈ। ਅਪਜਸ


www.sikhbookclub.com

ਹੋਏ ਨਾਉਂ ਦਾ ਜੋ ਕਦੇ ਪ੍ਰਸਿੱਧ ਨਹੀਂ ਸੀ ਤੇ ਫੇਰ ਪ੍ਰਸਿੱਧ ਹੋਕੇ ਲੋਕਾਂ ਦੇ ਦਿਲਾਂ ਤੋਂ ਲਹਿ ਗਿਆ; ਜਸ ਦੇਣ ਵਾਲੇ ਜਸ ਮੋੜਕੇ ਲੈ ਗਏ, ਅਭੈ ਪਦ ਵਾਲੇ ਦਾ ਕੀ ਘਟਿਆ। ਜੀਉ ਨਾ ਮਰੇਗਾ, ਨਾ ਕਸ਼ਟ ਪਾਏਗਾ, ਨਾ ਅਪਕੀਰਤੀ ਨਾਲ ਉਦਾਸ ਹੋਵੇਗਾ।

104.

**ਜਿੱਥੇ** 'ਨਾਮ' ਹੈ ਉਥੇ ਅਦਬ ਕਰਿਆ ਕਰ।

105.

**ਨਾਮ ਜਪੁ।** ਨਾਮ ਸਿਮਰ, ਨਾਮ ਧਯਾਉ, ਨਾਮ ਵਿਚ ਖੇਡ, ਇੱਲਤਾਂ ਛੱਡ ਦੇਹ।

106.

**ਹੈਂਕੜ** ਵਾਲੇ ਜ਼ੋਰ ਵਾਲੇ ਨਹੀਂ ਹੁੰਦੇ, ਜ਼ੋਰ ਅੰਦਰਲੇ 'ਟਿਕਾਉ' ਤੋਂ 'ਸੱਤ' ਦੀ ਦ੍ਰਿੜ੍ਹਤਾ ਪਰ ਹੁੰਦਾ ਹੈ। ਡਰ ਜਾਣਾ ਬੀ ਕਮਜ਼ੋਰੀ ਹੈ, ਪਰ ਡਰਾਉਣਾ ਵੀ ਦਲੀਲ ਕਮਜ਼ੋਰੀ ਦੀ ਹੈ। ਬੜੇ ਬੜੇ ਪਾਤਸ਼ਾਹ ਜੋ ਜ਼ੋਰ ਜ਼ੁਲਮ ਕਰਦੇ ਹਨ ਡਰਦੇ ਮਾਰੇ ਕਰਦੇ ਹਨ ਕਿ ਮਤਾਂ ਸਾਨੂੰ ਕੋਈ ਮਾਰ ਨਾ ਸੁੱਟੇ। ਨਿਰਭੈ ਹੋਣਾ, ਅਭੈ ਪਦ ਤੇ ਟਿਕਣਾ, ਨਾ ਡਰਣਾ ਨਾ ਡਰਾਉਣਾ ਇਹ ਤਾਕਤ ਹੈ ਜੋ ਸਰੀਰ, ਮਨ ਤੇ ਆਤਮਾ ਦੇ ਬਲੀ ਹੋਣ ਦੀ ਦਲੀਲ ਹੈ।

107.

**ਮਨ** ਮੰਨੇ ਨਾ ਤਾਂ ਮਨ ਟਿਕੇ ਕਿਵੇਂ? ਟਿਕੇ ਨਾ ਤਾਂ ਉੱਚਾ ਕਿਵੇਂ ਹੋਵੇ? ਉੱਚਾ ਨਾ ਹੋਵੇ ਤਾਂ ਸਾਈਂ ਤਾਰ ਨਾਲ ਸੁਰ ਹੋਵੇ ਕਿਵੇਂ? ਜੀਉਂਦੀ ਤਾਰ ਨਾਲ ਨਾ ਸੁਰ ਹੋਵੇ ਤਾਂ ਆਪ ਜੀਵੇ ਕਿਵੇਂ? ਜੇ ਜੀਵੇ ਨਾ ਉਹ ਪਰਮ ਪਰਮਾਰਥ ਪਾਵੇ ਕਿਵੇਂ?

108.

**ਨਾਮ** ਤੋਂ ਪਹਿਲੇ 'ਨਾਮੀ' ਹੈ ਇਹ ਨਿਸ਼ਚਾ ਧਾਰੋ। ਖ਼ਯਾਂਲ ਕਰੋ ਕਿ 'ਨਾਮੀ ਹੈ'। ਇਸ ਦਿਸਦੇ ਤੇ ਵੱਸਦੇ ਸੰਸਾਰ ਵਿਚ ਇਸਦਾ ਮਾਲਕ ਤੇ ਪਾਲਕ ਵਸਦਾ ਹੈ, ਉਹ ਇਸ ਵਿਚ ਹੈ, ਪਰ ਦਿੱਸਦਾ ਨਹੀਂ। ਉਸਦਾ ਰੂਪ ਰੇਖ ਰੰਗ ਨਹੀਂ ਹੈ ਪਰ ਹੈ ਘਟਿ ਘਟਿ। ਉਹ ਨਿਰੰਕਾਰ ਹੈ। ਉਹ ਜੋਤ ਸਰੂਪ ਹੈ, ਸਾਡਾ ਅੰਦਰਲਾ ਭੀ ਜੋਤ ਹੈ। ਹਾਂ, ਨਿਰੰਕਾਰ ਮਿੱਟੀ ਅੰਧ ਵਾਂਙੂ ਨਹੀਂ, ਉਹ ਜੀਉਂਦਾ ਜਾਗਦਾ ਸਦਾ ਸੁਰਜੀਤ ਆਤਮਤੱਤ ਹੈ। ਉਸ ਦੇ ਰੰਗ, ਉਸ ਦੇ ਕਰਨੇ, ਉਸ ਦੇ ਵੀਚਾਰ, ਉਸ ਦੇ ਤਰੰਗ ਉਹੀ ਜਾਣੇ ਕਿਉਂਕਿ ਓਹ ਸਾਡੇ ਵਰਗੇ ਨਹੀਂ। ਚਾਨਣੇ ਦੀ ਲਹਿਰ ਤੇ ਕਰਨੇ ਮਿੱਟੀ ਸਮਾਨ ਨਹੀਂ ਹੁੰਦੇ। ਉਹ ਜੋਤ ਹੈ, ਸਾਡੇ ਅੰਦਰ ਸਾਡਾ ਅੰਦਰਲਾ ਖਿੜਿਆ ਰਹੇਗਾ। ਨਹੀਂ ਤਾਂ ਬੁਝੇ ਦੀਵੇ ਵਾਂਙ ਢੱਠਾ ਜਿਹਾ ਤੇ ਸੋਚਾਂ ਵਿਚ ਦਿੱਸਣ ਵਾਲੇ ਦੀ ਤ੍ਰਿਸ਼ਨਾਂ ਵਿਚ ਮਨ ਰਹੇਗਾ ਤੇ ਦੁਖ ਪਾਏਗਾ। ਸੋ ਉਸ ਮਹਾਂਜੋਤੀ ਨਿਰੰਕਾਰ ਨਾਲ ਸਾਡੀ ਵਿੱਥ ਕਿਵੇਂ ਨਾ ਪਵੇ, ਇਹ ਸਾਡਾ ਪਰਮ ਪਰਮਾਰਥ ਹੈ। ਉਸ ਜੋਤੀ ਸਰੂਪ ਨੂੰ ਆਖੋ 'ਨਾਮੀ' ਤੇ ਉਸਦੇ ਨਾਉਂ ਨੂੰ ਆਖੋ 'ਨਾਮ'। ਸੋ ਨਾਮ ਵਿਚ ਨਾਮੀ ਦੀ ਭਾਵਨਾ ਧਾਰੇ, ਮਨ ਵਿਚ ਨਾਮ ਦਾ ਧ੍ਰੂਵਾ ਬੰਨੇ ਕਿ ਉਸਦਾ ਨਾਮ ਜਪਦੇ ਹਾਂ। ਹੁਣ ਸੋਚ ਕਰੋ ਕਿ ਜਦ ਕਿਸੇ ਦਾ ਨਾਮ ਲਈਏ ਤਾਂ ਧਯਾਨ ਨਾਮੀ ਵਲ ਚਲਾ ਜਾਂਦਾ ਹੈ ਕਿ ਨਾ? ਧਯਾਨ ਇਸ ਜਗਤ ਦਾ ਸਾਰਾ ਸਾਰ ਹੈ। ਜਿਸ ਕੰਮ ਵਲ ਧਯਾਨ ਹੈ ਉਹ ਹੋ ਰਿਹਾ ਹੈ, ਜਿਸ ਵੱਲੋਂ ਧਯਾਨ ਮੁੜਿਆ ਉਹ ਕੰਮ ਰਹਿ ਗਿਆ। ਹਾਲੀ ਧਯਾਨ ਹਲ ਤੇ ਬੌਲਦਾਂ ਵਿਚ ਦੇਂਦਾ ਹੈ ਤਾਂ ਵਲ ਵਹਿੰਦਾ ਹੈ। ਵਿਦਯਾਰਥੀ ਦਾ ਧਯਾਨ ਵਿਦਯਾ ਵਿਚ ਜਾਂਦਾ ਹੈ ਤਾਂ ਵਿੱਦਯਾ ਪੜ੍ਹੀ ਜਾਂਦੀ ਹੈ। ਪਰ ਸਾਡਾ ਧਯਾਨ ਦ੍ਰਿਸ਼ਟਮਾਨ ਤੋਂ ਉਚੇਰਾ ਨਹੀਂ ਉਠਦਾ, ਅਸਾਂ ਨਾਮੀ ਵਿਚ ਭਾਵਨਾ ਧਾਰਕੇ ਨਾਮ ਜਪਣਾ ਹੈ ਜਿਸ ਨਾਲ ਧਿਆਨ ਨੇ ਨਾਮੀ ਵਿਚ ਜਾਣਾ ਹੈ।

109.

**ਸੋ** (1) ਉਸ ਸਾਰੀ ਕ੍ਰਿਯਾ ਨੂੰ ਜੋ ਧਿਆਨ ਨੂੰ ਦ੍ਰਿਸ਼ਟਮਾਨ ਤੋਂ ਚੁੱਕਣ ਤੇ ਦ੍ਰਿਸ਼ਟਾ ਵਿਚ ਲਾਉਣ ਤੇ ਖਰਚ ਹੁੰਦੀ ਹੈ, 'ਨਾਮ' ਆਖਦੇ ਹਨ। ਜਦ ਨਾਮ ਦੁਆਰਾ ਧਯਾਨ ਸਾਈਂ ਵਲ ਲਗ ਗਿਆ, ਤਦ (2) ਉਸ ਧਿਆਨ

 www.sikhbookclub.com

ਦੇ ਲਗੇ ਰਹਿਣ ਨੂੰ 'ਨਾਮ' ਆਖਦੇ ਹਨ ਜਦੋਂ (3) ਉਹ ਲੱਗਾ ਧਿਆਨ ਸਾਈਂ ਵਲੋਂ ਪਯਾਰ, ਵਲਵਲੇ ਤੇ ਜੀਵਨ ਰੌ ਨਾਲ ਭਰੇ ਤ੍ਰੰਗ ਲੈ ਲੈ ਖੀਵਾ ਹੁੰਦਾ ਹੈ, ਮਿਹਰ ਦੀ ਲਹਿਰ ਇਸ ਵਿਚ ਠਾਠਾਂ ਮਾਰਦੀ ਆਉਂਦੀ ਹੈ, ਉਸਨੂੰ ਨਾਮ ਆਖਦੇ ਹਨ। ਜਦੋਂ (4) ਇਸ ਰੰਗ ਵਿਚ ਰੰਗੇ ਹੋਇਆਂ ਘਟ ਘਟ ਵਿਚ, ਵਣ ਤ੍ਰਿਣ ਵਿਚ, ਪਯਾਰਾ ਹੀ ਪਯਾਰਾ ਦਿੰਦਾ ਹੈ, ਉਸ ਨੂੰ ਨਾਮ ਆਖਦੇ ਹਨ। (5) ਧਯਾਨ ਨੂੰ ਦ੍ਰਿਸ਼ਟਮਾਨ ਉਤੋਂ ਚੁੱਕਣ ਦੇ 'ਪ੍ਰਿਥਮ ਤਰੱਦਦ' ਤੋਂ ਲੈ ਕੇ ਨਾਮੀ ਦੇ ਪ੍ਰਾਪਤ ਹੋ ਜਾਣ ਤਕ ਦੇ ਸਾਰੇ ਰੰਗ ਨੂੰ ਅਸੀਂ ਨਾਮ ਆਖਦੇ ਹਾਂ। ਨਾਮ ਨਿਰਾ ਰਟਣ ਮਾਤ੍ਰ ਨਹੀਂ ਨਾਮ ਰਟਣ ਹੈ, ਜਪ ਹੈ, ਸਿਮਰਣ ਹੈ। ਨਾਮ ਜੀਵਨ ਹੈ, ਨਾਮ ਮਿਹਰ ਹੈ, ਨਾਮ ਰੂਹ ਤੇ ਰੱਬ ਦਾ ਸੰਜੋਗ ਹੈ, ਉਸ ਨਾਲ ਪਯਾਰ, ਪ੍ਰੇਮ, ਤ੍ਰੰਗ, ਸੁਖ, ਰਸ, ਰੰਗ ਮਾਣਨ ਦਾ ਨਾਮ ਹੈ। ਅਸੀਂ ਜਦ 'ਨਾਮ' ਆਖਦੇ ਹਾਂ ਤਾਂ ਜੀਭ ਨਾਲ ਵਾਹਿਗੁਰੂ ਉਚਾਰਨ ਤੋਂ ਲੈ ਕੇ ਨਾਮ ਵਿਚ ਪ੍ਰਾਪਤ ਹੋ ਰੱਬੀ ਰੌ ਵਾਲੇ ਜੀਵਨ ਦੇ ਸਾਰੇ ਹੁਲਾਰਿਆਂ ਤੇ ਉਮਾਹਾਂ ਦਾ ਇਕ ਉੱਜਲ ਪ੍ਰਚਲਤ ਦਗ ਦਗ ਕਰਦਾ ਸੂਰਜ ਦੇਖਦੇ ਹਾਂ। ਨਾਮ ਹੈ ਨਾਮੀ ਵਲ ਲੱਗਣਾ ਤੇ ਇਸ ਤੋਂ ਲੈ ਕੇ ਨਾਮ ਵਲੋਂ ਮਿਹਰ ਦਾ ਵਰੁਸਾਉ, ਹਾਂ ਉਸ ਵਲੋਂ ਉਤਰ ਰਹੇ ਪਿਆਰ, ਉਮਾਹ, ਅੰਦਰਲੀ ਸੋਝੀ ਤਕ ਦਾ ਨਾਉਂ 'ਨਾਮ' ਹੈ। ਸੋ ਤੁਸੀਂ ਵੇਖ ਲਓ ਜੋ ਤੁਸੀਂ ਨਾਮ ਜਪਦੇ ਸਾਓ, ਓਹ ਤੇ ਏਹ, ਕੁਛ ਫਰਕ ਰੱਖਦੇ ਹਨ?

110.

**ਬ੍ਾਹਮਣ** (ਠੰਢਾ ਸਾਹ ਲੈਕੇ)-ਆਪ ਧੰਨਯ ਹੋ। ਮੇਰੇ ਸੁੱਤੇ ਦੀ ਜਾਗ ਖੋਲ੍ਹੀ ਜੇ, ਮੈਂ ਤਾਂ ਨਿਰੇ ਮਟਰ ਮਟਰ ਸ਼ਿਵ ਸ਼ਿਵ ਕਰਨ ਨੂੰ ਕਿ ਲੋਕੀਂ ਪਏ ਸੁਣਨ ਕਿ ਭਗਤ ਹੈ ਤੇ ਜੀਭ ਤਾਲੂ ਨਾਲ ਪਈ ਵੱਜੇ ਦੰਦ ਪਏ ਦੰਦਾਂ ਨਾਲ ਖਾਣ ਖੜਕਾ ਤੇ ਹੱਥ ਨਾਲ ਪਿਆ ਮਣਕੇ ਤੇ ਮਣਕਾ ਠਾਹ ਠਾਹ ਵੱਜੇ, ਇਸਨੂੰ ਦੋ ਤ੍ਰੈ ਘੜੀ ਕਰ ਉੱਠਣਾ ਨਾਮ ਜਾਣਦਾ ਸਾਂ। ਹੁਣ ਪਤਾ ਲੱਗਾ ਕਿ ਜੀਭ ਨਾਲ ਜਪਣਾ ਨਿਸ਼ਫਲ ਹੈ।

**ਗੁਰੂ ਜੀ**-ਫੇਰ ਭੁੱਲ ਵਿਚ ਚਲੇ ਗਏ ਹੋ। ਜੀਭ ਨਾਲ ਜਪਣਾ ਸਫ਼ਲ ਨਾਮ ਹੈ। ਜਪਣਾ ਕਰਮ ਹੀ ਜੀਭ ਦਾ ਹੈ। ਪਿਆਰਿਆ! ਸਾਰੀ ਗਲ ਮੁੜ ਸਮਝ ਲੈ: 'ਨਾਮ' ਆਤਮ ਜਾਗ ਨੂੰ ਆਖੀਦਾ ਹੈ। ਮਨ 'ਮਾਇਆ' ਦੇ 'ਬਿਸਮਾਦ'


www.sikhbookclub.com

ਵਿਚ ਸੌਂ ਰਿਹਾ ਹੈ, ਮਰਨ ਤੁੱਲ ਨੀਂਦ ਵਿਚ ਹੈ, ਇਸਦਾ ਜਾਗ ਉੱਠਣਾ ਤੇ ਉਸ ਜਾਗ ਵਿਚ ਫਿਰ ਜਾਗਦੇ ਰਹਿਣਾ ਨਾਮ ਹੈ। ਸਰੀਰ ਦੀ ਨੀਂਦ ਕਿ ਜਾਗ ਕੋਈ ਅਰਥ ਨਹੀਂ ਰੱਖਦੀ। ਮਨ 'ਮਾਇਆ ਬਿਸਮਾਦ' ਦੀ ਮੂਰਛਾ ਤੋਂ ਉੱਠਕੇ 'ਆਤਮ ਵਿਸਮਾਦ' ਦੀ ਜਾਗ੍ਰਤ ਵਿਚ ਆਕੇ ਇਕ ਰੱਬੀ ਜੀਵਨ ਦੀ ਰੌ ਵਿਚ ਵੱਸਦਾ ਹੈ, ਪਰੰਤੂ ਅਰੰਭ ਤਾਂ 'ਜੀਭ ਦੇ ਨਾਮ ਜਪਣ ਤੋਂ' ਹੀ ਹੁੰਦਾ ਹੈ।

ਨਾਮ ਤੋਂ ਪਹਿਲਾਂ ਨਾਮੀ ਦਾ ਥਹੁ ਪਤਾ ਸੁਣੀਂਦਾ ਹੈ। ਪਹਿਲਾਂ 'ਨਾਮੀ' ਹੈ ਫੇਰ 'ਨਾਮ' ਹੈ, ਫੇਰ 'ਨਾਮੀ' ਹੈ। ਆਦਿ ਤੇ ਅੰਤ ਨਾਮੀ ਹੈ ਵਿਚ ਨਾਮ ਹੈ। ਪਹਿਲਾਂ ਨਾਮੀ ਦੇ ਗੁਣ ਸੁਣੀਂਦੇ ਹਨ-ਕਿ ਉਹ ਪਿਆਰ ਕਰਦਾ ਹੈ, ਪਾਲਦਾ ਹੈ, ਮੱਤ ਦੇਂਦਾ ਹੈ, ਆਪਣੇ ਨਾਲ ਰੱਖਣਾ ਲੋਚਦਾ ਹੈ, ਉਹ ਸਦਾ ਹੈ, ਉਸ ਨਾਲ ਮਿਲਕੇ ਅਸੀਂ ਸਦਾ ਸੁਖੀ ਹੋ ਸਕਦੇ ਹਾਂ। ਉਸ ਵਿਚ ਅੱਪੜਨਾ ਸਾਡੇ ਜੀਵਨ ਦਾ ਪ੍ਰਯੋਜਨ ਹੈ। ਜੀਉਂਦੇ ਜੀ ਉਸ ਦੇ ਨਾਲ ਹੋ ਜਾਣਾ ਤੇ ਨਾਲ ਵੱਸਣਾ ਸਾਡਾ ਪਰਮਾਰਥ ਹੈ। ਪਰ ਹਾਂ ਅਸੀਂ ਦੁਖੀ। ਇਹ ਦੁੱਖ ਨਾਮੀ ਤੋਂ ਵਿੱਛੁੜੇ ਰਹਿਣ ਕਰਕੇ ਹੈ। ਹਰ ਪ੍ਰਾਣੀ ਨੂੰ ਇਹ ਇੱਛਾ ਹੈ ਤੇ ਜਿਸ ਲਈ ਸਾਰੇ ਜਤਨ ਕਰਦੇ ਹਨ ਕਿ ਸੁਖੀ ਹੋਈਏ ਪਰ ਮਾਇਆ ਵਿਚ ਸੁਖ ਨੂੰ ਭਾਲਣ ਕਰਕੇ ਸਾਰੇ ਦੁਖੀ ਹੀ ਰਹਿੰਦੇ ਹਨ, ਕਿਉਂਕਿ ਮਾਇਆ ਪਰਮੇਸ਼ੁਰ ਤੋਂ ਉਲਟ ਭੁਲਾਵੇ ਦਾ ਨਾਮ ਹੈ, ਮਾਇਆ ਪਰਮੇਸ਼ੁਰ ਤੇ ਸਾਡੇ ਵਿਚ 'ਵਿੱਥ' ਦਾ ਨਾਮ ਹੈ ਤੇ ਸਦਾ ਸੁਖ ਹੈ ਉਸ ਨਾਲ ਮੇਲ ਵਿੱਚ। ਸੋ ਜੇ ਸਦਾ ਸੁਖ ਦੀ ਇੱਛਾ ਹੋਵੇ ਤਾਂ ਆਦਮੀ ਮਾਇਆ ਤੋਂ ਉੱਠਣ ਤੇ ਨਾਮੀ ਵਿਚ ਜਾਣ ਦੀ ਇੱਛਾ ਕਰਦਾ ਹੈ। ਜੋ ਐਸੀ ਇੱਛਾ ਕਰੇ, ਉਹ ਨਾਮੀ ਦੇ ਗੁਣ, ਸਿਫ਼ਤ ਸਰੂਪ ਲਛਣਾਂ ਦਾ ਹਾਲ ਸਮਝਦਾ ਹੈ। ਸਮਝਦਾ ਸੁਣਦਾ ਇਸ ਲਈ ਹੈ ਕਿ ਦੇਖ ਤਾਂ ਉਸਨੂੰ ਸਕਦਾ ਨਹੀਂ, ਕਿਉਂਕਿ ਉਹ ਅਗੋਚਰ ਹੈ, ਤਾਂਤੇ ਇਕ ਖਿਆਲ ਬਨਾਉਂਦਾ ਹੈ ਨਾਮੀ ਦੇ ਸਰੂਪ ਤੇ ਗੁਣਾਂ ਦਾ। ਆਪਣੇ ਆਪ ਇਕ ਧ੍ਰੁਵਾ ਬੰਨ੍ਹਦਾ ਹੈ ਨਾਮੀ ਦਾ ਤੇ ਪ੍ਰਯੋਜਨ ਬਣਾਉਂਦਾ ਹੈ ਨਾਮ ਵਿਚ ਧਿਆਨ ਲਾ ਲੈਣ ਦਾ।

 www.sikhbookclub.com

111.

**ਜਦ** ਨਾਮ ਦੇ ਅਰਥ ਵਲ ਪਹਿਲਾਂ ਭਾਵਨਾ ਹੀ ਨਹੀਂ ਧਾਰੀ ਤਾਂ ਦੱਸੋ ਕਿਸਦਾ ਨਾਮ ਜਪਦੇ ਹੋ? ਪਹਿਲਾਂ ਪਰਮੇਸ਼ੁਰ ਵਿਚ ਭਾਵਨਾ ਧਾਰੋ, ਫੇਰ ਨਾਮ ਜਪੋ ਇਹ ਜਾਣਕੇ ਕਿ ਇਹ ਨਾਮ ਉਸ ਮਾਲਕ ਪਾਲਕ ਦਾ ਹੈ। ਜਪਦਿਆਂ ਇਸ ਕੋਸ਼ਸ਼ ਵਿਚ ਰਹੋ ਕਿ 'ਹਾਜ਼ਰਾ ਹਜ਼ੂਰ' ਦੀ 'ਹਜ਼ੂਰੀ' ਵਿਚ ਯਕੀਨ ਕਰਕੇ ਨਾਮ ਜਪ ਰਹੇ ਹਾਂ। ਲਗਾਤਾਰ ਨਾਮ ਇਸੇ ਕਰਕੇ ਜਪੀਦਾ ਹੈ ਕਿ ਸਰੀਰਕ ਠੁਹਕਰ ਦਾ ਅਕਸ ਮਾਨਸਕ ਮੰਡਲ ਤੇ ਪੈਕੇ ਮਾਨਸਕ ਮੰਡਲ ਈਸ਼੍ਵਰ ਧਯਾਨੀ ਹੋ ਜਾਵੇ। ਇਸ ਤਰ੍ਹਾਂ ਫਿਰ ਨਾਮ ਮਾਨਸਕ ਮੰਡਲ ਤੋਂ ਉੱਚਾ ਹੋਕੇ 'ਆਤਮ ਮੰਡਲ' ਵਿਚ ਲੈ ਜਾਂਦਾ ਹੈ ਤੇ ਫੇਰ 'ਨਾਮੀ' ਦੇ ਦੁਆਰੇ ਜਾ ਪਹੁੰਚੀਦਾ ਹੈ।

112.

**ਉਹ** ਦਿਲ ਮੁਰਦਾ ਹੈ, ਜਿਸ ਵਿਚ ਸਿਫ਼ਤ ਸਲਾਹ ਦਾ ਰੁਮਕਾ ਨਹੀਂ ਫਿਰਦਾ। ਜ਼ਿਮੀਂ, ਅਸਮਾਨ, ਤਾਰੇ, ਚੰਦ, ਸੂਰਜ, ਪਾਣੀ, ਪੌਣ ਸਭ ਸਿਫ਼ਤ ਸਲਾਹ ਵਿਚ ਲੈ ਜਾਂਦੇ ਹਨ, ਜੇ ਇਹ ਨਾ ਲੈ ਜਾਣ ਤਦ ਮਨ ਮਰਿਆ ਜਾਣੋ।

113.

**ਬਾਣੀ** ਮਨ ਵਿਚ ਨਾਮ ਦੀ ਮਹਿਮਾ ਦ੍ਰਿੜ੍ਹ ਕਰਦੀ ਹੈ। ਬਾਣੀ ਨਾਮ ਦੀ ਗੋਦ ਹੈ।

114.

**ਪੜ੍ਹਿਆ** ਹੁੱਜਤੀ ਬਹੁਤ ਹੁੰਦਾ ਹੈ, ਯਾਦ ਰੱਖ ਪਰਮੇਸ਼ਰ ਦੇ ਦੇਸ਼ ਗੱਲਾਂ ਤੇ ਹੁੱਜਤਾਂ ਨਾਲ ਨਹੀਂ ਜਾ ਹੁੰਦਾ। ਅਕਲ ਦੀਵਾ ਹੈ, ਚਾਨਣ ਹੈ, ਜੋ ਇਸ ਨੂੰ ਠੀਕ ਤਰ੍ਹਾਂ ਵਰਤੋ ਤਾਂ। ਇਸ ਨਾਲ ਸਾਹਿਬ ਦੀ ਸੇਵਾ ਕਰੀਦੀ ਹੈ। ਸੂੱਛ ਅਕਲ ਤੇ ਪ੍ਰਯੋਜਨ ਨੂੰ ਲੱਭਣ ਵਾਲੀ ਵਿੱਦਯਾ ਸਹਾਇਕ ਹਨ ਨਾਮ ਦੀਆਂ, ਹਾਂ, ਨਿਰੰਕਾਰ ਦੇ ਦੇਸ਼ ਨਾਮ ਅਭਯਾਸ ਦੀ ਕਰਨੀ ਨਾਲ ਜਾਈਦਾ ਹੈ। ਨਿਰੀ ਵਿੱਦਯਾ ਨਾਲ ਸਮਝ ਵਿੱਚ ਤਾਂ ਕੁਛ ਆ ਜਾਂਦਾ ਹੈ ਪਰ ਧਯਾਨ ਮਾਯਾ ਤੋਂ ਨਹੀਂ ਉਠਦਾ। ਮਾਯਾ ਤੋਂ ਮਨ ਦਾ ਧਯਾਨ ਨਾਮ ਨਾਲ ਉਠਦਾ ਹੈ।

115.

**ਹਾ** ਹਾ...ਭਗਤੀ ਕਠਨ ਹੈ, ਪੂਜਨ ਔਖਾ ਹੈ, ਜੀਵਨ ਨੂੰ ਸਭ ਪਾਸਿਓਂ ਪਵਿਤ੍ਰ ਰੱਖਕੇ ਪੂਜਾ ਭਾਵ ਵਿਚ ਰਹਿਣਾ ਕਰੜਾ ਹੈ।

116.

**ਸੁਣ** ਬੀਬਾ! ਸ਼ਹੁ ਤੇਰੇ ਅੰਦਰ ਹੈ, ਉਹ ਵਿਆਪਕ ਹੈ, ਇਕ ਦੇਸ਼ੀ ਨਹੀਂ, ਉਹ ਸਰਬ ਦੇਸ਼ੀ ਹੈ। ਤੇਰੇ ਨੇੜੇ ਹੈ, ਅੰਦਰ ਹੈ, ਹਾਜ਼ਰਾ ਹਜ਼ੂਰ ਹੈ। ਉਸ ਵਿਚ ਭਰੋਸਾ ਧਾਰ; ਜਦ ਉਸਦੀ ਹੋਂਦ ਤੇ ਭਰੋਸਾ ਹੋ ਗਿਆ ਤਾਂ ਫੇਰ ਉਸ ਨੂੰ ਯਾਦ ਰੱਖ। ਜੇ ਇਹ ਗੱਲ ਭੁੱਲ ਗਈ ਕਿ ਉਹ ਮੇਰੇ ਅੰਦਰ ਹੈ ਤਾਂ ਫੇਰ ਵਿਛੁੜ ਗਈ ਤੂੰ ਉਸ ਤੋਂ। ਉਹ ਹੈ, ਉਹ ਪਿਆਰਾ ਹੈ, ਮੇਰਾ ਪਿਆਰਾ ਹੈ, ਇਹ ਗਲ ਅੰਦਰ ਟਿਕੀ ਰਹੇ, ਇਸ ਅਗੇ ਧੁਰ ਦਾ ਪਰਦਾ ਨਾ ਤਣੇ, ਇਉਂ ਜੋ ਠਾਕੁਰ ਕਿ ਅੰਦਰ ਪ੍ਰਾਪਤ ਹੈ ਉਸਦੀ ਹਜ਼ੂਰੀ ਵਿਚ ਰਹੁ, ਉਸ ਦੀ ਹੋਂਦ ਦੀ ਯਾਦ ਵਿਚ ਰਹੁ। ਫੇਰ ਜੋ ਕੁਛ ਵਾਪਰੇ ਉਸਦਾ ਕੀਤਾ ਸਮਝ, ਉਸ ਨੂੰ ਭਲਾ ਕਰਕੇ ਮੰਨ। ਜਦ ਐਸਾ ਦ੍ਰਿੜ ਨਿਸਚਾ ਹੋ ਜਾਏਗਾ, ਅਵਗੁਣ ਦੂਰ ਰਹਿਣਗੇ ਤਾਂ ਉਹ ਆਪ ਤੇਰੀ ਰਹਿਬਰੀ ਕਰੇਗਾ ਕਿ ਜੋ ਤੇਰੇ ਅੰਦਰ ਸੀ ਹੈ ਤੇ ਹੋਵੇਗਾ ਸਦਾ। ਪੂਜਨ ਉਸਦਾ ਇਹ ਹੈ ਕਿ ਉਸਨੂੰ ਤੂੰ ਪ੍ਰੇਮ ਪਦਾਰਥ ਨਾਲ ਸਦਾ ਚੇਤੇ ਵਿਚ ਰੱਖਣਾ ਹੈ। ਹੁਣ ਉਹ ਤੇਰੀ ਅਗੁਵਾਨੀ ਕਰੇਗਾ, ਜੋ ਕਹੇ ਸੋ ਕਰਨਾ, ਉਸਦੀ ਰਜ਼ਾ ਵਿਚ ਮਰਜ਼ੀ ਮੇਲਣੀ। ਹਾਂ, ਸ਼ਹੁ ਕਹੇ ਸੋ ਕਰਨਾ, ਆਪਣੀ ਮਰਜ਼ੀ ਨਹੀਂ ਮਨਾਉਣੀ, ਉਸ ਦੀ ਰਜ਼ਾ ਵਿਚ ਮਰਜ਼ੀ ਮੇਲਣੀ।

117.

**ਪਿਆਰ** ਅਮੋਲਕ ਸ਼ੈ ਹੈ ਇਸ ਨੂੰ ਅਮੋਲਕ ਥਾਵੇਂ ਲਾਈਏ ਤਾਂ ਇਸ ਦਾ ਮੁੱਲ ਪੈਂਦਾ ਹੈ। ਬਿਨਸਨ ਹਾਰ ਨਾਲ ਕਰੋ ਤਾਂ ਉਹ ਬਿਨਸੇਗਾ, ਮਨ ਤਦ ਪਛੋਤਾਉ ਵਿਚ ਜਾਵੇਗਾ।

118.

**ਦਾਤਾ,** ਦਾਤਾ, ਦਾਤਾ! ਮੇਰੇ ਮਨ ਨੂੰ ਕੋਈ ਆਹਰ ਦਿਓ। ਨਿਰਾ ਗਿਆਨ ਵੀਚਾਰ, ਜੋ ਅਰੂਪ ਜਿਹਾ ਜਾਪਦਾ ਹੈ, ਮਨ ਹਰ ਵੇਲੇ ਕੀਕੂੰ ਫੜਕੇ ਰਖੇਗਾ? ਇਹ ਪੈ ਜਾਇਆ ਕਰੇਗਾ ਫੇਰ ਫੁਰਨਿਆਂ ਦੇ ਰਾਹ।

119.

**'ਵਾਹਿਗੁਰੂ** ਅੰਦਰ ਹੈ, ਸਾਡੇ ਨੇੜੇ ਤੋਂ ਨੇੜੇ ਹੈ' ਇਹ ਗੱਲ ਕਿਸੇ ਵੇਲੇ ਭੁੱਲ ਵਿਚ ਨਹੀਂ ਪਾਉਣੀ। ਯਾਦ ਰਖਣਾ ਮਨ ਦਾ ਇਕ ਕਰਮ ਵਾਂਙੂ ਕੰਮ ਹੈ, ਜੇ ਮਨ ਇਸ ਯਾਦ ਨੂੰ ਸੰਸਾਰਕ ਫੁਰਨਿਆਂ ਵਿਚ ਰਲਾ ਦੇਵੇ ਤਾਂ ਰਸਨਾਂ ਉਤੇ ਪਰਮੇਸ਼ੁਰ ਦਾ ਨਾਮ ਵਸਾਓ। ਰਸਨਾ ਜਪ ਕਰੇ ਨਾਮ ਦਾ, ਮਨ ਲਾਵੇ ਆਪ ਨੂੰ ਸਾਈਂ ਉਤੇ, ਉਸ ਦੇ ਪਿਆਰ, ਉਸਦੇ ਗੁਣਾਂ ਉਤੇ, ਉਸਦੇ ਸਰੂਪ ਉਤੇ। ਮਨ ਦਾ ਇਹ ਕਰਮ ਨਾਮ ਸਿਮਰਣ ਹੈ।

120.

**ਨਾਮ** ਜਪਣ ਵਾਲਾ ਨਾਮੀ-ਨਿਰੰਕਾਰ ਨਾਲ ਮਿਲਿਆ ਰਹਿੰਦਾ ਹੈ। ਇਸ ਮੇਲ ਵਿਚੋਂ ਫੇਰ ਰਸ ਆਉਂਦਾ ਹੈ, ਆਨੰਦ ਮਿਲਦਾ ਹੈ। ਫਿਰ ਇਸ ਤਰ੍ਹਾਂ ਹੋ ਜਾਂਦਾ ਹੈ ਕਿ ਨਾਮ ਦਾ ਆਖਣਾ ਜੀਵਨ ਬਣ ਜਾਂਦਾ ਹੈ ਸਾਡੇ ਜੀਵਨ ਦਾ।

121.

**ਹੇ** ਜੋਤ ਨਿਰੰਜਨੀ! ਮੈਂ ਮੁੱਢ ਤੋਂ ਭੁੱਲਾ ਤੇਰੇ ਘਰ ਦਾ ਮਿਰਾਸੀ, ਕਿਸੇ ਗੁਣ ਤੇ ਗੱਲ ਜੋਗਾ ਨਹੀਂ, ਸਦਾ ਤੋਂ ਤੂੰ ਆਪਣਾ ਆਪੇ ਹੀ ਜਾਣਿਆ ਤੇ ਲੜ ਲਾਇਆ, ਆਪ ਹੀ ਨਿਵਾਜਿਆ ਤੇ ਨਾਲ ਰਖਿਆ, ਮੈਂ ਫੇਰ ਭੀ ਭੁੱਲਾ, ਪਰ ਤੂੰ ਸਦਾ ਬਖਸ਼ਿਆ। ਮੈਂ ਪੈਰ ਪੈਰ ਤੇ ਸਿਦਕ ਦੀ ਪੌੜੀਓਂ ਤਿਲਕਿਆ, ਮੈਂ ਦੁੱਖ ਭੁੱਖ ਦਾ ਮਾਰਿਆ ਡਡਿਆਇਆ, ਪਰ ਤੂੰ ਸਦਾ ਬਾਂਹ ਫੜੀ ਤੇ ਲਡਿਆਇਆ, ਹੇ ਆਪੇ ਪਸੀਜਣ ਵਾਲੇ ਸਤਿਗੁਰੂ! ਹੇ ਸਾਡੇ ਦੁੱਖ ਦੇਖਕੇ ਸਚਖੰਡ ਤੋਂ ਆਪ ਆ ਕੇ ਤਾਰਨ ਹਾਰੇ ਜਯੋਤੀ ਸੁਰੂਪ! ਹੇ ਸਦਾ ਮੇਲਣ ਵਾਲੇ ਬਖਸ਼ਿੰਦ ਦਾਤਿਆ! ਮੈਂ ਔਗੁਣਹਾਰ ਨੂੰ ਚਰਨੀ ਲਾਈ ਰੱਖ ਤੇ ਆਪਣੇ ਤੋਂ ਨਾ ਵਿਛੋੜ। ਕੋਈ ਗੁਣ ਪੱਲੇ ਹੋਵੇ ਤਾਂ ਮੈਂ ਆਖਾਂ, ਮੈਂ ਤਾਂ ਹਾਂ ਹੀ ਉੱਕਾ ਸੱਖਣਾ, ਹੇ ਕੱਖੋਂ ਹੌਲਿਆਂ ਨੂੰ ਮਾਣ ਦੇਣ ਵਾਲਿਆ! ਅਪਣੇ ਚਰਣਾਂ ਦੇ ਵਿਛੋੜੇ ਦਾ ਦਾਗ਼ ਨਾਂ ਦੇਹ।

122.

**ਹੇ** ਪ੍ਰੇਮ ਦੇ ਹੁਲਾਰਿਆਂ ਨਾਲ ਭਰੇ ਪ੍ਰੀਤਮ ਜੀ! ਆਪ ਦੇ ਕੰਮਾਂ ਵਿਚ ਮੈਂ ਕੁਛ ਨਾਂ ਕੁਆਂਗਾ, ਜੋ ਜੋ ਕਰਸੇਂ ਵੇਖਾਂਗਾ, ਜੋ ਆਖੋਗੇ ਆਪਦੀ ਕਿਰਪਾ ਨਾਲ ਕਰਾਂਗਾ, ਜਿਵੇਂ ਜਿਵੇਂ ਬਣ ਪਵੇ, ਧ੍ਰੋਹੀ ਜੇ, ਮੈਨੂੰ ਇਕੱਲਿਆਂ ਨਾ ਛਡੋ। ਹੇ ਸਤਿਗੁਰ ਦਾਤੇ ਮੈਂ ਤੇਰਾ ਹਾਂ, ਮੈਂ ਠੀਕ ਤੇਰਾ ਹਾਂ, ਮੈਂ ਔਗੁਣਹਾਰਾ ਤੇਰਾ ਹਾਂ, ਹੇ ਬਾਬਾ ਨਾਨਕ! ਜੇਹਾ ਕੇਹਾ ਹਾਂ ਤੇਰਾ ਹਾਂ, ਮੈਂ ਤੇਰਾ ਹਾਂ, ਤੇਰਾ ਹਾਂ, ਤੇਰਾ ਹਾਂ।

123.

**ਜਿਸ** ਵਿਛੋੜੇ ਵਿਚ 'ਭੁੱਲ' ਆ ਰਲੇ ਉਹ 'ਮਾਰੂ ਵਿਛੋੜਾ' ਹੁੰਦਾ ਹੈ, ਜਿਸ ਵਿੱਚ 'ਯਾਦ' ਰਹੇ ਉਹ ਜੀਉਂਦਾ ਵਿਛੋੜਾ ਹੈ ਤੇ ਫੇਰ ਮੇਲਦਾ ਹੈ, ਏਸ ਯਾਦ ਵਾਲੇ ਵਿਛੋੜੇ ਨੂੰ ਹੀ ਬਿਰਹਾ ਆਖੀਦਾ ਹੈ। ਜਿਨ੍ਹਾਂ ਦੇ ਅੰਦਰ ਬਿਰਹਾ ਨਹੀਂ ਉਹ ਸਾਈਂ ਵੱਲੋਂ ਮਰ ਜਾਂਦੇ ਹਨ। ਜਿਨ੍ਹਾਂ ਦੇ ਅੰਦਰ ਸਾਈਂ ਦਾ ਬਿਰਹਾ ਜਾਗ ਪੈਂਦਾ ਹੈ ਉਨ੍ਹਾਂ ਦੇ ਅੰਦਰ ਸਾਈਂ ਵਾਲੀ ਜਾਨ ਰੁਮਕ ਪੈਂਦੀ ਹੈ। ਸੱਜਣਾ! ਸਾਈਂ ਦਾ ਸਿਮਰਨ ਕਰਦਿਆਂ ਤਾਂ ਸਦਾ ਮੰਗਲ ਹੀ ਮੰਗਲ ਹੈ। ਜਿਤਨਾ ਕਾਲ ਸਾਡਾ ਫੇਰ ਮੇਲਾ ਨਹੀਂ ਹੁੰਦਾ, ਨਿਰੰਕਾਰ ਦਾ ਸਿਮਰਨ ਕਰਦੇ ਰਹਿਣਾ, ਫੇਰ ਉਹ ਮਾਲਕ ਪਾਲਕ ਸਦਾ ਅੰਗ ਸੰਗ ਹੈ ਤੇ ਰਹੇਗਾ।

ਮਰਦਾਨਿਆਂ! ਤੂੰ ਓਦਰਨਾਂ ਨਹੀਂ, ਤਕੜੇ ਰਹਿਣਾ, ਇਹ ਅਸੀਂ ਅਡ ਨਹੀਂ ਹੋਣ ਲਗੇ, ਭੋਰਾ ਕੁ ਵਿਛੋੜਾ ਹੈ ਤੇ ਵਿਛੋੜੇ ਨੂੰ ਮੇਲ ਹੁੰਦਾ ਹੈ।

ਆਪਣੀ ਮੱਤ ਵਿੱਚ ਨਾ ਰਲਾਵੀਂ ਤਾਂ ਕਰਤਾਰ ਆਪ ਸਾਰੇ ਕਾਰਜ ਸਾਰੇਗਾ।

124.

**ਤੂੰ** ਜੀਵਾਂ ਨੂੰ ਮਰਜ਼ੀ ਦੀ ਸੁਤੰਤ੍ਰਤਾ ਬਖਸ਼ੀ ਹੈ, ਆਪਣੀ ਦਾਤ ਕਦ ਤੂੰ ਕਿਸੇ ਤੋਂ ਖੁਹੰਦਾ ਹੈਂ? ਅਪਣੀ ਏਸ ਅਕਲ ਤੇ ਅਕਲ ਦੀ ਖੁੱਲ੍ਹ ਨਾਲ ਕੋਈ ਚਾਹੇ ਦੇਵਤਾ ਬਣੇ ਚਾਹੇ ਪਾਪੀ।

125.

**ਸ਼ੈਤਾਨ** ਆਪਣਾ ਹੀ ਮਨ ਹੈ। ਆਪਣੇ ਦੋਸ਼ ਦੂਸਰੇ ਦੇ ਸਿਰ ਦਿੱਤਿਆਂ ਜੀ ਦੀ ਤੰਗੀ ਘਟ ਨਹੀਂ ਸਕਦੀ।

126.

**ਤੂੰ** ਜੋ ਦੁੱਖ ਦੇ ਬਾਨ ਚਾਲੇ ਪਾਏ ਸਨ ਉਹ ਗੇੜ ਖਾ ਕੇ ਆ ਰਹੇ ਹਨ ਤੇ ਚਲਾਉਣ ਵਾਲੇ ਨੂੰ ਹੀ ਵਿੰਨ੍ਹਣ ਵਾਲੇ ਹਨ।

127.

**ਦੇਖ** ਜਿਸ ਮਾਇਆ ਦੀ ਖ਼ਾਤਰ ਪਾਪ ਕਰਦੇ ਰਹੇ ਹੋ; ਓਹ ਸਹੁਰੀ ਕੀ ਸ਼ੈ ਹੈ। ਮਾਯਾ ਕਰਤੇ ਦੇ ਹੁਕਮ ਵਿਚ ਵਰਤਦੀ ਹੈ, ਉਸ ਹੁਕਮੀ ਦੇ ਨਾਲ ਪਿਆਰ ਪਾਓ।

128.

**ਹੇ** ਤਾਰਨਹਾਰ ਦਾਤਾ! ਮੈਂ ਆਪ ਨੂੰ ਕਈ ਵੇਰ ਮਨੁੱਖ ਸਮਝ ਕੇ ਲੜ ਭਿੜ ਲੈਂਦਾ ਹਾਂ, ਮੇਰੇ ਔਗੁਣ ਨਾ ਤੱਕੀਂ। ਜੇ ਤੂੰ ਮੈਨੂੰ ਮਿੱਤ੍ਰ ਬਣਾ ਕੇ ਤੇ ਆਪ ਮਨੁੱਖ ਬਣਕੇ ਲੜ ਨਾ ਲਾਉਂਦਾ ਤਾਂ ਮੇਰੇ ਅੰਦਰ ਪਿਆਰ ਕਿੱਥੋਂ ਜਾਗਣਾ ਸੀ? ਜੇ ਤੂੰ ਉੱਚਾ ਉੱਚਾ ਰਹਿੰਦਾ ਤਾਂ ਮੈਂ ਮਿਰਾਸੀ ਨੂੰ ਤੂੰ ਕਦ ਪਿਆਰਾ ਲੱਗਣਾ ਸੀ। ਜਿੱਥੇ ਤੇਰਾ ਵਾਸ ਹੈ ਉਹ 'ਸੱਚਾ ਥੇਹ' ਮੇਰੇ ਇਸ ਕਰਮਾਂ ਦੇ ਬੜੇ ਕਰੜੇ ਦੇਸ਼ ਤੋਂ ਐਨੀਂ ਵਿੱਥ ਉਤੇ ਹੈ ਕਿ ਮੈਨੂੰ ਓਸਦਾ ਕੀ ਪਤਾ ਲੱਗਣਾ ਸੀ? ਜੇ ਤੂੰ ਆਪ ਆਕੇ ਜਗਾਇਆ, ਲੜ ਲਾਇਆ ਤੇ ਲਡਿਆਇਆ ਤਾਂ ਮੇਰੇ ਅੰਦਰ ਬੀ ਪ੍ਰੀਤ ਜਾਗੀ। ਪ੍ਰੀਤ ਅੰਤਰ ਮੈਂ ਭੁਲਦਾ ਬੀ ਢੇਰ ਹਾਂ, ਬਰਾਬਰੀ ਕਰ ਬੈਠਦਾ ਹਾਂ, ਘਬਰਾ ਕੇ ਸਿਦਕ ਤੋਂ ਡੋਲ ਖਲੋਂਦਾ ਹਾਂ, ਪਰ ਧੰਨ ਤੇਰਾ ਬਿਰਦ ਹੈ ਜੋ ਸਦਾ ਬਖਸ਼ਦਾ ਹੈ। ਹੇ ਉੱਚੇ ਸਤਿਗੁਰ ਨਾਨਕ! ਹੇ ਨੀਵਿਆਂ ਵਿਚ ਆਕੇ ਵੱਸਣ ਵਾਲੇ ਸਤਿਗੁਰ ਨਾਨਕ! ਹੇ ਨੀਵਿਆਂ ਨੂੰ ਉਚਿਆਂ ਕਰ ਲੈਣ ਵਾਲੇ ਸਤਿਗੁਰ ਨਾਨਕ! ਹੇ ਪਯਾਰੇ, ਹੇ ਪਯਾਰੇ, ਹੇ ਪਯਾਰੇ! ਮੈਂ ਵਾਰੇ, ਮੈਂ ਵਾਰੇ, ਮੈਂ ਵਾਰੇ! ਜੇ ਤੁੱਠਾ ਹੈਂ ਤਾਂ ਐਨਾਂ ਲੰਮਾ ਵਿਛੋੜਾ ਮੈਨੂੰ ਫੇਰ ਕਦੇ ਨਾ ਦੇਈਂ। ਮੇਰੇ ਲੂੰ ਲੂੰ ਵਿਚ ਜੋ ਤੇਰੀ ਖਿੱਚ ਹੈ,


www.sikhbookclub.com

ਜੇ ਤੂੰ ਵਿਛੁੜਦਾ ਹੈਂ ਤਾਂ ਖਿੱਚ ਦੀ ਤਾਣੀ ਕੱਸੀ ਜਾਂਦੀ ਹੈ ਤੇ ਉਹ ਕੱਸ ਮੈਥੋਂ ਝੱਲੀ ਨਹੀਂ ਜਾਂਦੀ। ਆਖ ਨਾਂ;-'ਤੂੰ ਮੇਰਾ ਹੈਂ, ਤੂੰ ਮੇਰਾ ਦਾਸ ਹੈਂ, ਮੈਂ ਤੈਨੂੰ ਕਦੇ ਨਾਂ ਵਿਛੋੜਸਾਂ। ਹੇ ਨੀਵਿਆਂ ਦੇ ਮਿੱਤਰ, ਹੇ ਨਿਮਾਣਿਆਂ ਦੇ ਯਾਰ, ਹੇ ਨੀਚਾਂ ਦੇ ਸੰਗੀ ਸਾਥੀ ਰਹਿਕੇ ਉੱਪਰ ਚੱਕ ਲਿਜਾਣ ਵਾਲੇ ਉਚਿਆ! ਇਕ ਵਾਰ ਕਹੁ 'ਡੂੰਮਾਂ ਤੂੰ ਮੇਰੀ ਨਜ਼ਰੋਂ ਕੇਦ ਉਹਲੇ ਨਾਂ ਹੋਸੇਂ।'

129.

**ਤੂੰ** ਆਤਮਾ ਹੈਂ, ਆਪ ਨੂੰ ਪਛਾਣਿਆਂ ਕਰ, ਦੂਜਿਆਂ ਵਿਚ ਆਪਣੇ ਵਰਗੀ ਆਤਮਾ ਵੇਖਿਆ ਕਰ। ਦੌਲਤ ਤੇ ਸਰੀਰ ਵਰਗੀ ਆਤਮਾ ਵੇਖਿਆ ਕਰ। ਦੌਲਤ ਤੇ ਸਰੀਰ ਪਰਦੇ ਹਨ ਜੋ ਆਪਣੇ ਆਪ ਨੂੰ ਆਤਮਾਂ ਦਿੱਸਣ ਨਹੀਂ ਦੇਂਦੇ, ਇਨ੍ਹਾਂ ਪਰਦਿਆਂ ਨੂੰ ਪਾੜਕੇ ਆਤਮਾ ਵੇਖਿਆ ਕਰ।

130.

**ਪਰਮਾਤਮਾ** ਹਰਦਮ ਤੇਰੇ ਨਾਲ ਹੈ, ਤੂੰ ਉਸ ਵਲ ਨਹੀਂ ਤੱਕਦੀ ਉਹ ਤੈਨੂੰ ਦੇਖਦਾ ਹੈ। ਤੂੰ ਸੌਂ ਜਾਂਦੀ ਹੈਂ ਉਹ ਜਾਗਦਾ ਹੈ ਤੂੰ ਜੋ ਕਰਦੀ ਹੈਂ ਉਹ ਦੇਖਦਾ ਹੈ, ਜੋ ਸੋਚਦੀ ਹੈਂ ਉਹ ਜਾਣਦਾ ਹੈ। ਪਰ ਤੂੰ ਉਸਨੂੰ ਨਹੀਂ ਦੇਖਦੀ ਨਾ ਜਾਣਦੀ।

131.

**ਤੂੰ** ਸੁਖ ਦਿਆ ਕਰ, ਲਿਆ ਨਾ ਕਰ।

132.

"**ਸੱਚੇ** ਮਾਲਕਾ! ਮੈਂ ਕੁਝ ਨਹੀਂ, ਤੂੰ ਸਭ ਕੁਝ ਹੈਂ। ਹਾਂ, ਮੈਂ ਪਾਪਣ ਤੇਰੇ ਪਿਆਰ ਦੀ ਬਖਸ਼ੀ ਤੇਰੀ ਹਾਂ, ਅਪਨਾ ਲੈ। ਮੈਂ ਕੀਹ ਹਾਂ? ਕੁਛ ਨਹੀਂ ਹਾਂ! ਚਰਨਾਂ ਵਿਚ ਸਮਾ ਲੈ ਤੇ ਨਿਾ ਵਿਛੋੜ, ਉਹ ਵਿਛੋੜ ਗਿਆ ਹੈ ਹੁਣ ਤੁਸੀਂ ਨਾ ਵਿਛੋੜਨਾ। ਮੈਂ ਮੂਰਖ ਆਤਮਾਂ ਦਾ ਸੁਨੇਹਾ ਸੁਣਕੇ ਰੋਂਦੀ ਸਾਂ ਅੱਜ ਤੇਰੇ ਕੌਤਕ ਦੇਖਦੇ ਅਚਰਜ ਹਾਂ। ਮੈਂ ਆਪਣੀ ਮਤਿ ਤੇ ਕੀਹ ਇਤਬਾਰ ਕਰਾਂ: ਮਤਿ ਮੇਰੀ ਥੋੜੀ ਹੈ, ਚਾਨਣਾਂ ਮੇਰਾ ਧੁੰਦਲਾ ਹੈ, ਰਾਹ ਮੇਰਾ ਮੈਨੂੰ ਕਾਂਬੇ ਦੇਂਦਾ

ਹੈ ਤੇ ਸਭ ਤੋਂ ਡਰਾਉਣੀ ਮੈਂ ਆਪ ਹਾਂ। ਚਰਨਾਂ ਵਿਚ-ਹਾਂ ਜਿਥੇ ਮੁਰਦਾ ਚੰਮ ਜੋੜੇ ਦੀ ਸਮਾਈ ਹੈ ਉਥੇ-ਇਸ ਮੁਰਦੇ ਮਾਸ ਨੂੰ ਵੀ ਸਮਾ ਲੈ।"

133.

**ਅਸੀਂ** ਕੁਚੱਜੇ ਹਾਂ, ਸਰੀਰ ਦੇ ਪਿਆਰ ਵਿਚ ਮਗਨ ਹਾਂ, ਮਨ ਕੁਸੁਧ ਤੇ ਕਾਲਾ ਹੈ। ਸਾਡੇ ਵਿਚ ਹੀ ਅਵਗੁਣ ਵੱਸ ਰਹੇ ਹਨ। ਜੇ ਗੁਣ ਆ ਜਾਣ ਤਾਂ ਪਿਆਰਾ ਸਾਨੂੰ ਆ ਮਿਲੇ। ਉਹ ਗੁਣ ਕਿਹੜੇ ਹਨ ਜੋ ਧਾਰਨ ਕਰਾਂ, ਓਹ ਕਿਹੜੇ ਅੱਖਰ ਹਨ ਜਿਨ੍ਹਾਂ ਨੂੰ ਬੋਲਕੇ ਪ੍ਰੀਤਮ ਨੂੰ ਰੀਝਾਵਾਂ, ਉਹ ਕਿਹੜੀ ਮਾਲਾ ਹੈ ਤੇ ਕਿਹੜਾ ਮੰਤਰ ਹੈ, ਜਿਸਨੂੰ ਜਪਕੇ ਉਸਨੂੰ ਵੱਸ ਕਰ ਲਵਾਂ? ਉਹ ਕਿਹੜਾ ਵੇਸ ਹੈ ਜੋ ਪਹਿਨਾਂ ਤੇ ਉਹ ਮੋਹਿਤ ਹੋਵੇ?

134.

**ਮਨ** ਦਾ ਮਾਨ ਛਡਣਾ ਤੇ ਨਿਉਂ ਕੇ ਤੁਰਨਾ, ਇਹ ਤਾਂ ਹੈ ਅੱਖਰ, ਬੋਲ ਕੁਬੋਲ ਅਤੇ ਦੁਖ ਸੁਖ ਸਹਾਰਨਾ ਤੇ ਰਜ਼ਾ ਤੇ ਰਹਿਣਾ, ਇਹ ਹੈ ਗੁਣ ਤੇ ਮਣਕੇ। ਫਿਰ ਜਪ ਹੀ ਬਣ ਜਾਵੇ ਮਾਲਾ। ਉਹ ਜਪੇ ਨਾਮ ਮੰਤਰ, ਏਹ ਤ੍ਰੈਏ ਧਾਰਨੇ ਮਾਨੋ ਵੇਸ ਕਰਨਾ ਹੈ, ਕਿਉਂ ਏਹ ਤਾਂ ਹੀ ਧਾਰੂ ਜੇ ਅੰਦਰ ਸਾਈਂ ਦੀ ਸਿਕ ਹੋਊ ਤਾਂ, ਸੋ ਵੇਸ ਹੋਇਆ-ਸਿਕ ਮਿਲਨੇ ਦੀ।

135.

**ਕਾਮੀਆਂ** ਨੂੰ ਸੁੰਦਰਤਾ ਨਾਲ, ਭੁੱਖਾਂ ਦੇ ਮਾਰਿਆਂ ਦਾ ਸੁਾਦੀਕ ਭੋਜਨਾਂ ਨਾਲ ਪਿਆਰ ਹੁੰਦਾ ਹੈ, ਲੋਭੀ ਮਾਲ ਦੇ ਮੋਹ ਵਿਚ ਹੁੰਦਾ ਹੈ, ਨੀਂਦਰ ਤੋਂ ਉਂਘਲਾ ਰਹੇ ਨੂੰ ਪਲੰਘ ਤੇ ਰਜ਼ਾਈ ਦੀ ਇੱਛਾ ਹੁੰਦੀ ਹੈ, ਕ੍ਰੋਧੀ ਗੁੱਸੇ ਦੇ ਵਾਕਾਂ ਵਿਚ ਭੁੜਕਦਾ ਤੇ ਖੁਆਰ ਹੁੰਦਾ ਹੈ ਤੇ ਫੱਕਰ ਲੋਕ ਐਵੇਂ ਹੀ ਬਕਵਾਸ ਕਰਦੇ ਰਹਿੰਦੇ ਹਨ। ਸੋ ਸ਼ੇਖ ਜੀ! ਭਲਿਆਈ ਦਾ ਉਪਦੇਸ਼ ਦੇਣਾ ਤਾਂ ਸਭ ਕਿਸੇ ਨੂੰ ਹੈ ਪਰ ਕਾਮੀਆਂ, ਪੇਟ ਪਾਲੂਆਂ, ਤ੍ਰਿਸ਼ਨਾਲੂਆਂ, ਦਲਿੱਦਰੀਆਂ, ਕ੍ਰੋਧੀਆਂ ਤੇ ਬਕਵਾਸੀਆਂ ਨਾਲ ਸੰਗ ਨਹੀਂ ਕਰਨਾ ਚਾਹੀਏ, ਉਨ੍ਹਾਂ ਦੇ ਅੰਦਰੋਂ ਸੜ੍ਹਾਂਦ ਉਠਦੀ ਹੈ ਤੇ ਨਾਮ ਪਵਿੱਤ੍ਰਤਾ ਹੈ। ਸੋ ਸਤਿਸੰਗ ਹੈ ਨਾਮ ਦੇ ਲੋੜਕੂਆਂ ਨਾਮ ਦੇ ਪ੍ਰੇਮੀਆਂ ਦਾ।


www.sikhbookclub.com

136.

**ਉਦਾਸੀ** ਵੀ ਕਦੇ ਕਦੇ ਆ ਜਾਂਦੀ ਹੈ ਤੇ ਛਾ ਜਾਂਦੀ ਹੈ ਦਿਲ ਉਪਰ, ਪਰ ਉਦਾਸੀ ਕਈ ਤਰ੍ਹਾਂ ਦੀ ਹੈ। ਮਨ ਬਹੁਤ ਲੋੜੇ ਤੇ ਮਿਲੇ ਥੋਹੜਾ, ਇਕ ਉਦਾਸੀ ਇਹ ਹੈ। ਮਿਲੇ ਬਹੁਤ ਤਾਂ ਰਜਿਹਾਣ ਹੋਕੇ ਬੀ ਇਕ ਉਪਰਾਮਤਾ ਆ ਜਾਂਦੀ ਹੈ, ਹਾਂ ਭੋਗਾਂ ਦੇ ਅੰਤ ਪਰ ਬੀ ਆਪਾ ਸੱਖਣਾ ਹੋਕੇ ਕਦੇ ਉਦਾਸੀ ਵਿਚ ਚਲਾ ਜਾਂਦਾ ਹੈ। ਇਹ ਬੀ ਇਕ ਉਦਾਸੀ ਹੈ। ਪਰ ਇਕ ਉਦਾਸੀ ਹੋਰ ਹੈ। ਜੋ ਪਰਮੇਸ਼ਰ ਦੇ ਪਿਆਰਿਆਂ ਨੂੰ ਆਉਂਦੀ ਹੈ। ਉਹ ਹੁੰਦੀ ਹੈ ਇਕਾਂਤ ਦੀ ਇੱਛਾ।

137.

**ਏਕਾਂਤ,** ਜਿਥੇ ਮਨ ਕੁਦਰਤ ਨਾਲ ਗੱਲਾਂ ਕਰੇ, ਕੁਦਰਤ ਦਾ ਰੰਗ ਲਵੇ ਤੇ ਖਿੜੇ ਇਕ ਸੁਰ ਹੋਕੇ ਕੁਦਰਤ ਨਾਲ। ਹਾਂ, ਨਦੀ, ਨਾਲੇ, ਨਿੱਕੀਆਂ ਨਿੱਕੀਆਂ ਕੂਲਾਂ ਦਾ ਵਿਲਪ ਵਿਲਪ ਨਾਦ ਕੰਨਾਂ ਵਿਚ ਗੂੰਜੇ। ਚੰਦ, ਤਾਰੇ, ਆਕਾਸ਼ ਵਿਸ਼ਾਲਤਾ ਤੇ ਅਸਚਰਜਤਾ ਦਾ ਰੰਗ ਦੇਣ। ਬ੍ਰਿੱਛ ਬੂਟੇ, ਘਾਹ, ਫੁੱਲ ਤਰਾਵਤ ਭਰ ਦੇਣ ਅੱਖਾਂ ਵਿਚ ਤੇ ਅੱਖਾਂ ਭੇਜ ਦੇਣ ਇਕ ਤਾਜ਼ਗੀ ਦਿਲ ਨੂੰ। ਉਚਾਣਾਂ, ਨਿਵਾਣਾ, ਖੱਡਾਂ ਸਿਖਰਾਂ ਦੇ ਨਜ਼ਾਰੇ ਨਜ਼ਰ ਨੂੰ ਕਰ ਦੇਣ ਆਪੇ ਵਿਚ ਝਾਤੀ ਮਾਰਨ ਵਾਲਾ, ਅੰਦਰਲੇ ਉਚਾਣ ਨਿਵਾਣ ਟੋਏ ਟਿੱਬੇ ਦਿੱਸਣ ਤੇ ਫੇਰ ਸਮਤਾ ਹੋ ਜਾਵੇ ਅੰਦਰ ਰਸ ਭਰੀ। ਕੁਦਰਤ ਦਾ ਇਹ ਰੰਗ ਲੱਗ ਲੱਗ ਕੇ ਅੰਦਰ ਜਗਾ ਦੇਵੇ ਕੋਈ ਹੋਰ ਕਲਾ, ਜੋ ਦੇਖੇ ਕਿ ਇਸ ਦਿੱਸਦੇ ਦੇ ਮਗਰ ਅਣਦਿਸਦਾ ਬੀ ਵਸਦਾ ਹੈ।

138.

**ਗੁਰੂ** ਬਾਬੇ ਨੇ ਸਿਖਾਇਆ ਸੀ ਕਿ ਇਹ 'ਪਕੜ' ਛੱਡੋ। ਇਹ ਅੰਦਰ 'ਮੈਂ' ਕਰਕੇ ਬਿਰਾਜਮਾਨ ਹੈ, ਬਾਹਰ 'ਮੇਰੀ' ਕਰਕੇ ਬੋਲਦੀ ਹੈ, ਤੇ ਵਰਤੋਂ ਵਿਚ ਦੁਜਾਇਗੀ ਦਾ ਰੂਪ ਧਾਰਦੀ ਹੈ। ਅੰਦਰ ਤਾਂ ਸਾਂਈਂ ਤੋਂ ਵਿਛੋੜਦੀ ਹੈ ਤੇ ਬਾਹਰ ਜਗਤ ਤੋਂ ਵਿਤਕਰਾ ਪਾ ਦੇਂਦੀ ਹੈ। ਜਿਸਦੇ ਅੰਦਰ ਇਹ ਨਹੀਂ ਉਹ ਸੁਖੀ ਤੇ ਸੁਖਦਾਤਾ ਹੋ ਜਾਂਦਾ ਹੈ।


www.sikhbookclub.com

139.

**ਪਰਵਿਰਤੀ** ਵਿਚ ਕੁਛ ਨਾ ਕੁਛ ਇਸ ਮਨ ਉਤੇ ਸਿੱਧਾ ਯਾ ਸ਼ਰੀਰ ਦੇ ਥਕਾਨ ਅਕਾਨ ਨਾਲ ਐਸਾ ਕੁਛ ਕਿਸੇ ਵੇਲੇ ਅਸਰ ਪੈਂਦਾ ਹੈ, ਜੋ ਦੂਰ ਕਰਨਾ ਹੁੰਦਾ ਹੈ। ਸੋ ਕਦੇ ਇਸ ਹਉਂ ਦਾ ਵਹੀ ਖਾਤਾ ਪੜਤਾਲਣ ਵਾਸਤੇ ਏਕਾਂਤ ਦੀ ਲੋੜ ਪੈਂਦੀ ਹੈ।

140.

**ਹੇ** ਨਾਮ ਦੇ ਆਸਰੇ ਤੇ ਉਪਕਾਰ ਦੀ ਚਾਹਨਾ ਵਾਲੇ! ਜਦ ਤੈਨੂੰ ਨੇਕੀ ਦੇ ਬਦਲੇ ਬਦੀ ਮਿਲੇਗੀ ਤੇਰਾ ਮਨ ਠੁਹਕਰ ਨਹੀਂ ਖਾਏਗਾ, ਜੇ ਖਾਏਗਾ ਤਾਂ ਛੇਤੀ ਦਰੁਸਤ ਹੋ ਜਾਏਗਾ। ਉਸ ਨੂੰ ਵਿਚਾਰ ਮਦਦ ਦੇਵੇਗੀ ਕਿ ਬਈ ਤੂੰ ਆਪਣੇ ਰੱਬ ਦਾ ਹੁਕਮ ਪਾਲਣਾ ਹੈ, ਤੂੰ ਲੋਕਾਂ ਦੇ ਸਲੂਕ ਵਲ ਨਹੀਂ ਤੱਕਣਾ, ਲੋਕ ਦੁਖੀ ਹਨ, ਦੁਖੀਏ ਤੋਂ ਦੁੱਖ ਦੀ ਆਸ ਹੀ ਹੋ ਸਕਦੀ ਹੈ। ਏਹ ਦੁਖੀਏ ਬੀ ਹਉਂ ਦੇ ਬੰਦੇ ਹਨ, ਇਨ੍ਹਾਂ ਵਿਚ ਦੁਜਾਇਗੀ ਹੈ, ਇਹ ਕਦ ਪਿਆਰ ਤੇ ਸ਼ੁਕਰ ਕਰ ਸਕਦੇ ਹਨ। ਫੇਰ ਜੇ ਤੁਸੀਂ ਇਕ ਤੋਂ ਵਧੀਕਾਂ ਨਾਲ ਨੇਕੀ ਕਰ ਰਹੇ ਹੋ ਤੇ ਆਪਣੇ ਵਿਤ ਮੂਜਬ ਸਭ ਨੂੰ ਥੋੜਾ ਥੋੜਾ ਸਹਾਰਾ ਦੇ ਰਹੇ ਹੋ ਤਾਂ ਕੀਹ ਦੇਖੋਗੇ ਕਿ ਹਰੇਕ ਦਾ ਜੀ ਚਾਹੇਗਾ ਕਿ ਇਹ ਆਪਣਾ ਸਾਰਾ ਵਿਤ ਮੇਰੇ ਤੇ ਹੀ ਕਿਉਂ ਨਹੀਂ ਖਰਚ ਕਰਦਾ, ਦੂਸਰੇ ਨੂੰ ਕਿਉਂ ਕੁਛ ਦੇਂਦਾ ਹੈ। ਇਸ ਗੱਲੇ ਲਗ ਪਗ ਸਾਰੇ ਤੁਹਾਡੇ ਨਾਲ ਅੰਦਰੋਂ ਰੰਜ ਰਹਿਣਗੇ ਤੇ ਬੇਮਲੂਮੇ ਤੁਹਾਡੇ ਅਸੱਜਣ ਹੋ ਜਾਣਗੇ। ਉਸ ਵੇਲੇ ਤੁਹਾਡਾ ਵੀਚਾਰ-ਸ਼ੀਲ ਮਨ ਕਹੇਗਾ ਤੂੰ ਭਲਾ ਕਰੀ ਜਾਹ, ਇਨ੍ਹਾਂ ਵਲ ਨਾ ਵੇਖ। ਫੇਰ ਜੇ ਕਿਸੇ ਨੂੰ ਲੋੜ ਹੈ ਸੇਰ ਦੀ ਪਰ ਤੁਹਾਥੋਂ ਸਰਦਾ ਹੈ ਪਾ, ਤਾਂ ਲੈਣ ਵਾਲਾ ਪਾ ਲੈਕੇ ਪਾ ਦਾ ਸ਼ੁਕਰ ਗੁਜ਼ਾਰ ਨਹੀਂ ਹੋਵੇਗਾ ਪਰ ਤਿੰਨ ਪਾ ਨਾ ਮਿਲ ਸਕਣ ਦਾ ਨਾ-ਸ਼ੁਕਰ ਗੁਜ਼ਾਰ ਹੋਵੇਗਾ। ਤੁਸੀਂ ਅਚਰਜ ਹੋਸੋ ਕਿ ਨਾਲੇ ਮੈਂ ਨੇਕੀ ਕਰਦਾ ਹਾਂ, ਨਾਲੇ ਮੈਨੂੰ ਰੰਜ ਝੱਲਣੇ ਪੈਂਦੇ ਹਨ। ਪਰ ਭਾਈ ਜੀ! ਜੇ ਤੂੰ ਨਾਮ ਦੇ ਲੜ ਲੱਗਾ ਹੈਂ ਤਾਂ ਤੇਰਾ ਹਉਂ ਤੋਂ ਉੱਜਲ ਹੋ ਰਿਹਾ ਮਨ ਕਹੇਗਾ ਤੂੰ ਜਿੰਨਾਂ ਸਰੇ ਭਲਾ ਕਰ ਇਹ ਗੁਰੂ ਬਾਬੇ ਦਾ ਹੁਕਮ ਜੁ ਹੋਇਆ:- **'ਗੁਰਮੁਖਿ ਨਾਮੁ ਦਾਨੁ ਇਸਨਾਨੁ'**। ਪਰ ਇਸ ਦਾਨ ਪਰ ਟੇਕ ਨਾ ਰੱਖ, ਨਾ ਇਸਦਾ ਬਦਲਾ ਚਾਹ, ਨਾ ਕੋਈ ਆਸ ਰੱਖ। ਤੂੰ ਨਾਮ ਜਪ, ਕਲਿਆਨ

ਤੇਰੀ ਨਾਮ ਨੇ ਕਰਨੀ ਹੈ। ਏਹੋ, ਤੇਰੇ ਜੀ ਦਾ ਆਧਾਰ ਹੈ, ਏਹੋ ਤੇਰੀ ਏਥੇ ਓਥੇ ਟੇਕ ਹੈ।

141.

**ਨਾਮ** ਗੁਰਮੁਖ ਦਾ ਵਾਹਿਗੁਰੂ ਨਾਲ ਸੰਬੰਧ ਹੈ, ਦਾਨ ਗੁਰਮੁਖ ਦਾ ਜਗਤ ਨਾਲ ਸੰਬੰਧ ਹੈ। ਇਸ਼ਨਾਨ ਗੁਰਮੁਖ ਦਾ ਆਪੇ ਨਾਲ ਸੰਬੰਧ ਹੈ। ਤ੍ਰੈਹਾਂ ਨਾਲ ਉਹ ਜੀਂਵਦਿਆਂ ਮੁਕਤ ਰੂਪ ਹੈ।

142.

**ਗ੍ਰਿਹਸਤੀ** ਨਾਮ ਵਾਲੇ ਨੇ ਨਿੰਦਾ ਉਸਤਤਿ ਝੱਲਣੀ ਹੈ, ਸਖ਼ਤੀਆਂ, ਜ਼ੁਲਮ ਤੇ ਅਨਯਾਯ ਸਹਾਰਨੇ ਹਨ। ਅਰਥਾਤ ਗ੍ਰਿਹਸਤੀ ਨਾਮ ਪ੍ਰੇਮੀ ਨੇ ਆਪੇ ਤੇ ਟਿਕਣਾ ਤੇ ਫੇਰ ਇਸ ਲਹਿਰ ਪਛਾੜ ਨਾਲ ਆਪੇ ਨੂੰ ਟੁੱਟਣ ਨਹੀਂ ਦੇਣਾ।

143.

**ਮਨ** ਤੇ ਸੁਰਤ ਨੇ ਪੱਕਣਾ ਹੈ ਤੇ ਸਭ ਮਾੜੇ ਅਸਰਾਂ ਨਾਲ ਜੁੱਧ ਕਰ ਕਰਾਕੇ ਉੱਚੇ ਉਠਣਾ ਹੈ। ਭਾਂਡਿਆਂ ਵਿਚ ਪਾਕੇ ਪਕਾਏ ਫਲ ਮਿੱਠੇ ਨਹੀਂ ਹੁੰਦੇ, ਜਿੰਨੇ ਕਿ ਮੀਂਹ ਹਨੇਰੀਆਂ ਤੇ ਧੁੱਪਾਂ ਸਹਿਕੇ ਡਾਲੀਆਂ ਨਾਲ ਲਗੇ ਰਹਿਕੇ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ।

144.

**ਉਹੋ** ਗੁਰੂ ਜਿਸ ਦੇ ਕਦਮ ਧਾਰਨ ਦੀਆਂ ਥਾਵਾਂ ਉਤੇ ਤੁਸਾਂ ਨੇ ਅਣਗਿਣਤ ਧਨ ਲਾਕੇ ਮੰਦਰ ਪਾਏ ਹਨ, ਇਸ ਰਾਤ ਸਭ ਦੇ ਅਨਾਦਰ ਤੋਂ ਸ਼ਹਿਰੋਂ ਬਾਹਰ ਆਕੇ ਇਕ ਕੋਹੜੀ ਫਕੀਰ ਨੂੰ ਕਹਿੰਦਾ ਹੈ, 'ਏ ਫ਼ਕੀਰ ਰਾਤ ਰਹਿਣ ਦੇਹਿ। ਦੇਖਿਆ ਨੇ ਜਗਤ ਦਾ ਜਗਤ ਦੇ ਸੁਆਮੀ ਨਾਲ ਸਲੂਕ।

145.

**ਬਹੁਤਾ** ਬੋਲਣਾ ਤੇ ਝਖਣਾ ਤਾਂ ਖਪਣਾ ਹੀ ਹੁੰਦਾ ਹੈ, ਕਿਉਂਕਿ ਜਿਸ ਅਗੇ ਬੋਲਣਾ ਹੈ ਓਹ ਤਾਂ ਬਿਨ ਬੋਲੇ ਸਭ ਕਿਛ ਜਾਣਦਾ ਹੈ। ਜੇ ਹੇ ਦੁਖੀਏ!

 www.sikhbookclub.com

ਮਨ ਵਿਚ ਕੋਈ ਸੋਚ ਹੋਵੇ ਤੇ ਓਸ ਤੇ ਕੋਈ ਡੂੰਘੀ ਅਰਦਾਸ ਹੋਵੇ ਤਾਂ ਚੁੱਪ ਕਿ ਉੱਚੀ ਕੀਤੀ ਅਰਦਾਸ ਪਹੁੰਚਦੀ ਹੈ ਤੇ ਓਹ ਦਾਤਾ ਸੁਣਦਾ ਹੈ ਪਰ ਤਪਣ ਨਾਲ, ਖਪਣ ਨਾਲ, ਬਹੁਤ ਵਿਅਰਥ ਬੋਲਣ ਨਾਲ ਤਾਂ ਆਪ ਹੀ ਜੀਵ ਲੁੱਝਦਾ ਹੈ। ਸੇਧ ਬੱਧੇ ਬਿਨਾਂ ਤੇ ਮਨੋ ਹੋਕੇ ਅਰਦਾਸ ਕੀਤੇ ਬਿਨਾਂ ਬਹੁਤ ਬੋਲਣਾ ਵਿਅਰਥ ਹੀ ਜਾਂਦਾ ਹੈ, ਸਗੋਂ ਮਨ ਦੀ ਪੀੜਾ ਵਧਦੀ ਹੈ।

146.

**ਇਹ** ਰਸਤਾ ਹੈ, 'ਨਾਉਂ ਆਖਣਾ'। ਇਸ ਰਾਹੇ ਟੁਰੇਂਗਾ ਤਾਂ ਕਿਸੇ ਸਲਾਮਤੀ ਦੇ ਟਿਕਾਣੇ ਪੁੱਜੇਂਗਾ। ਹੋਰ ਕੋਈ ਥਾਉਂ ਨਹੀਂ ਜਿਥੇ ਮਨ ਤੇ ਸਰੀਰ ਦੇ ਕੋਹੜੀ ਨੂੰ ਢੋਈ ਮਿਲੇ। ਹਾਂ ਮਨ ਤੇ ਸ਼ਰੀਰ ਦੇ ਕੋਹੜੀ ਲਈ ਇਹੋ ਇਕੋ ਥਾਂ ਹੈ-'ਨਾਉਂ ਆਖਣਾ'।

147.

**ਉਸ** ਦਾ ਗੁਣ ਯਾ ਸੁਭਾਵ ਪਿਆਰ ਹੈ, ਉਹ ਸਾਰਾ ਆਪ 'ਪ੍ਰੇਮ' ਹੈ, ਬਸ ਇਹ ਜਾਣ ਲੈ। ਇਹੀ ਬੀ ਨਾਲੇ ਸਮਝ ਲੈ ਕਿ 'ਮਿਹਰ' 'ਪਿਆਰ' ਦਾ ਇਕ ਅੰਗ ਹੈ। ਹਾਂ, ਜਾਣ ਲੈ ਕਿ ਪਿਆਰ ਸਰੂਪ ਹੋਣਾ, ਪਿਆਰ ਕਰਨ ਤੇ ਕਰਾਉਣ ਵਾਲਾ ਹੋਣਾ ਸਦਾ ਅਨੰਦ ਸਰੂਪ ਹੋਣਾ ਹੈ। ਸੋ ਤੂੰ ਸਮਝ ਲੈ ਕਿ ਜੋ ਸਦਾ ਹੈ ਤੇ ਸਦਾ ਦਾਤਾਰ ਹੈ, ਓਹ ਮੇਰਾ ਹੈ ਤੇ ਮੈਂ ਉਸ ਨੂੰ ਕਿਉਂ ਵਿਸਾਰਾਂ, ਸਦਾ ਯਾਦ ਰੱਖਾਂ। ਸਦਾ ਇਹ ਭਾਵ ਅੰਦਰ ਭਰੀ ਰੱਖਾਂ ਕਿ ਉਹ ਹੈ, ਉਹ ਅਨੰਦ ਹੈ, ਉਹ ਦਾਤਾਰ ਹੈ ਮੇਰਾ ਹੈ, ਮੇਰੇ ਤੇ ਦਾਤਾਰ ਹੈ, ਮੈਂ ਹੁਣ ਉਸਤੋਂ ਜੁਦਾ ਨਹੀਂ ਹੋਣਾ। ਜੁਦਾ ਨਾ ਹੋਣਾ ਯਾ ਮਿਲੇ ਰਹਿਣਾ ਕਿਵੇਂ ਹੈ? ਉਸ ਨੂੰ ਸਦਾ ਯਾਦ ਰੱਖਕੇ।

148.

**ਦਾਤੇ** ਦੀ ਯਾਦ ਜੋ ਅੰਦਰ ਮਨ ਵਿਚ ਟਿਕਾਉਣੀ ਹੋਵੇ ਤਾਂ ਸ਼ਰੀਰ ਤੋਂ ਸਾਧਨ ਅਰੰਭ ਕਰੀਦਾ ਹੈ। ਅਰਥਾਤ ਸ਼ਰੀਰ ਦੇ ਅੰਗ ਜੀਭ ਨਾਲ ਉਸ ਦਾ ਨਾਮ ਜਪੀਦਾ ਹੈ। ਨਾਮ ਜਪਦੇ ਰਹਿਣ ਨਾਲ ਖਿਆਲ ਨੂੰ ਉਸ ਪਾਸੇ ਵਲ ਝੁਕਾਵੁ ਤੇ ਪ੍ਰੇਰਨਾ ਹੁੰਦੀ ਰਹਿੰਦੀ ਹੈ ਤੇ ਇਹ ਝੁਕਾਉ ਉਸਦੀ ਯਾਦ ਹੋਕੇ ਅੰਦਰ

 www.sikhbookclub.com

ਵਸਦਾ ਜਾਂਦਾ ਹੈ, ਸੋ ਨਾਮ ਦਾ ਆਖਣਾ ਕੀ ਹੋਇਆ?

1. ਉਸ ਦਾ ਨਾਮ ਰਸਨਾ ਤੇ ਬਿਠਾਉਣਾ,
2. ਉਸਦਾ ਖ਼ਯਾਲ ਮਨ ਵਿਚ ਵਸਾਉਂਦਾ,
3. ਉਸਦੀ ਹੋਂਦ ਤੇ ਪਿਆਰ ਨੂੰ ਯਾਦ ਵਿਚ, ਸਿੰਮ੍ਰਤੀ ਵਿਚ ਵਸਾਉਣਾ। ਐਉਂ ਘਾਲ ਕਰਦਿਆਂ ਜਦ ਓਹ ਪਵਿਤ੍ਰ ਦਾਤਾ ਸਦਾ ਦਿਨ ਰਾਤ ਅੰਦਰ ਵਸ ਜਾਂਦਾ ਹੈ ਤਦ ਸਾਰੇ ਮਨ ਦੇ ਦਾਗ਼ ਦੂਰ ਹੋ ਜਾਂਦੇ ਹਨ ਤੇ ਹੰਸ ਜੋ ਅੰਦਰ ਹੈ ਨਿਰਮਲ ਤੇ ਉੱਜਲ ਹੋ ਜਾਂਦਾ ਹੈ।

149.

**ਸਾਈਂ** ਸਦਾ ਸੁਖੀ ਹੈ, ਸਦਾ ਸੁਖੀ ਨਾਲ ਲਗੇ ਰਹਿਣਾ ਸਦਾ ਸੁਖੀ ਕਰ ਦੇਵੇਗਾ।

ਉਪਕਾਰ ਕਰੋ, ਸੇਵਾ ਕਰੋ, ਜਗਤ ਦੁਖੀ ਹੈ, ਪਰ ਜਿਸਦਾ ਭਲਾ ਕਰਨ ਨੂੰ ਚਿਤ ਕਰੇ ਉਸ ਨੂੰ ਰੱਬ ਦੇ ਰਸਤੇ ਲਾ ਦਿਓ। ਇਸ ਨਾਲ ਉਸ ਦਾ ਮਨ ਸੁਧਰੇਗਾ, ਵੀਚਾਰ ਵਧੇਗੀ, ਸਾਈਂ ਨਾਲ ਨਿਹੁੰ ਲਗੇਗਾ ਤੇ ਦੁਖ ਆਪੇ ਦੂਰ ਹੋਣਗੇ। ਜੋ ਕੁਛ ਸਰ ਬਣ ਆਵੇ ਭਲਾ ਕਰ ਦਿਓ। ਭਲਾ ਕਰੋ ਪਰ ਸਾਈਂ ਦਾ ਹੁਕਮ ਜਾਣਕੇ, ਹਉਂ ਧਾਰਕੇ ਨਾ ਕਰੋ। ਹੁਕਮ ਵਿਚ ਕੀਤੇ ਕੰਮ ਹਉਂ ਨਹੀਂ ਪੈਣ ਦਿੰਦੇ ਤੇ ਉਨ੍ਹਾਂ ਦਾ ਫਲ ਬੀ ਮਾੜਾ ਨਹੀਂ ਲਗਦਾ।

150.

**ਨਾਮ** ਜਪਣਾ ਸਾਡਾ ਪਹਿਲਾ ਧਰਮ ਹੈ। ਆਪ ਜਪਕੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦਾ ਹੁਕਮ ਹੈ, ਹੁਕਮ ਸਮਝਕੇ ਕਾਰ ਕਰਨੀ ਮੁਕਤ ਰੂਪ ਹੈ। ਭਲਾ ਕਰਨਾ ਸਿੱਖ ਦਾ ਸੁਭਾਵ ਹੈ, ਇਹ ਭੀ ਹੁਕਮ ਸਮਝਕੇ ਕਰਨਾ ਹੈ। ਜੋ ਦੁਖ ਸੁਖ ਆਉਣ ਇਹ ਭੀ ਹੁਕਮ ਸਮਝਣੇ ਹਨ।

ਸਾਨੂੰ ਸਤਿਗੁਰ ਨਾਨਕ ਨੇ ਇਹ ਦੱਸਿਆ ਹੈ ਕਿ ਖੋਟਿਆਂ ਦੀ ਖੋਟ ਵੇਖਕੇ ਖੋਟਿਆਂ ਤੋਂ ਤਾਂ ਲਾਂਭੇ ਹੋ ਜਾਣਾ ਚਾਹੀਦਾ ਹੈ; ਸਾਰੇ ਸੰਸਾਰ ਦਾ ਤਯਾਗ ਕਰਨਾ ਠੀਕ ਨਹੀਂ। ਸਮੁਚੇ ਦਾ ਤਿਆਗ ਕੀਤਿਆਂ ਤਾਂ ਖਰਿਆਂ ਨਾਲੋਂ ਬੀ ਟੁੱਟ ਜਾਵਾਂਗੇ ਜੋ ਬੜੇ ਘਾਟੇ ਦੀ ਗਲ ਹੈ। ਚਾਹੀਦਾ ਇਹ ਹੈ ਕਿ ਖੋਟਿਆਂ ਦਾ ਤਿਆਗ ਕਰੋ ਤੇ ਖਰਿਆਂ ਦਾ ਤਿਆਗ ਨਾ ਕਰੋ? ਖੋਟੇ


www.sikhbookclub.com

ਤਿਆਗੋ ਤੇ ਖਰੇ ਰਖੋ, ਜਾਂ ਇਉਂ ਕਹੀਏ ਕਿ ਕੁਸੰਗ ਦਾ ਤਯਾਗ ਕਰਨਾ ਚਾਹੀਦਾ ਹੈ ਤੇ ਸਤਿਸੰਗ ਦਾ ਗ੍ਰਹਿਣ ਕਰਨਾ ਚਾਹੀਦਾ ਹੈ, ਕੱਚੜਿਆਂ ਨਾਲ ਤੋੜਕੇ ਪਕਿਆਂ ਨਾਲ ਰੱਖਣੀ ਚਾਹੀਏ।

ਦਰ ਦਰਸ਼ਨਦੀ ਪ੍ਰਾਪਤੀ ਵਿੱਚ ਇਹ ਰੋਕਾਂ ਹਨ-

ਦੁਖ (ਬਿਮਾਰੀਆਂ ਅਤੇ ਕਲੇਸ਼)

ਰੋਹ (ਗੁੱਸਾ, ਈਰਖਾ, ਜਲਨ, ਬੁਰੇ ਕਰਨੇ, ਜਿਦ, ਹੋਡਾਂ, ਸਾੜੇ)।

ਆਸਾ, ਤ੍ਰਿਸ਼ਨਾ।

ਅੰਦੇਸਾ (ਫਿਕਰ ਸੋਚਾਂ, ਗ਼ਮ, ਚਿੰਤਾ, ਭੈ ਵਾਲੀਆਂ ਸੋਚਾਂ)।

ਮਾਇਆ (ਪਦਾਰਥ, ਸਾਕਾਂ, ਮਿੱਤ੍ਰਾਂ ਦੇ ਮੋਹ) ਇਨ੍ਹਾਂ ਤੇ ਫ਼ਤਹ ਪਾਉਣੀ, ਜੀਉਂਦੇ ਮਰਨਾ ਹੈ। ਇਹ ਜੀਉਂਦੇ ਮਰਨਾ ਸਾਗਰ ਤਰਨ ਸਮਾਨ ਕਠਨ ਹੈ।

ਆਸ ਵਿੱਚ ਵੱਸਦਾ ਦਿੱਸੇ ਪਰ ਸੁਰਤ ਉਦਾਸੀ ਨਿਰਾਸ਼ਾ ਵਿਚ ਹੋਵੇ, ਤਦ ਉਹ ਕਿਸੇ ਹਠ ਯਾ ਰੋਹ ਵਿਚ ਨਹੀਂ ਫਸੇਗਾ। ਗੱਪਾਂ ਨਹੀਂ ਮਾਰਨੀਆਂ ਕਿ ਅਸਾਂ ਆਪਾ ਪਾ ਲਿਆ ਹੈ ਜੇ ਅੰਦਰ ਰਸ ਭਰੇ ਤਾਂ ਅੰਦਰੇ ਜਰਨਾ ਹੈ ਤੇ ਰਜ਼ਾ ਤੇ ਤੱਕ ਰੱਖਣੀ ਹੈ ਕਿ ਜੋ ਕਰ ਰਿਹਾ ਹੈ ਮੇਰਾ ਰੱਬ ਕਰ ਰਿਹਾ ਹੈ।

ਤਕੜਾ ਹੋ, ਗੁਣਾਂ ਦਾ ਵਾਂਸਲਾ ਗੁਣਾਂ ਦਾ ਨਾਪਾ ਆਪਣੇ ਪਾਸ ਰੱਖ, ਗੁਣਾਂ ਦੀ ਮਹਿਕ ਵਿਚ ਨਾਮ ਮੁਸ਼ਕਦਾ ਹੈ। ਔਗੁਣਾਂ ਤੋਂ ਦੂਰ ਰਹੁ, ਨਫ਼ਸ ਦੀਆਂ ਵਾਗਾਂ ਕੱਸਕੇ ਰੱਖ, ਗੁਮਾਨ ਨੂੰ ਤਾਬੇ ਰੱਖ, ਨਿੰਦਾ ਦੇ ਰਾਹ ਨਾ ਜਾਵੀਂ, ਝੂਠ ਨਾਲ ਜ਼ੁਬਾਨ ਆਸ਼ਨਾ ਨਾ ਕਰੀਂ, ਮੋਮ ਦਿਲ ਰਹੀਂ, ਸੰਗ-ਦਿਲ ਨਾ ਬਣੀਂ।


www.sikhbookclub.com